# ਅੰਮ੍ਰਿਤ ਕੀਰਤਨ

ਈ-ਮੈਗਜ਼ੀਨ | e-Magazine




ਭਾਈ ਗੁਰਚਰਨ ਸਿੰਘ ਰਾਗੀ, ਭਾਈ ਅਵਤਾਰ ਸਿੰਘ ਰਾਗੀ ਅਤੇ ਭਾਈ ਸਵਰਨ ਸਿੰਘ ਰਾਗੀ

ਭਾਈ ਅਵਤਾਰ ਸਿੰਘ ਜੀ ਦੀ ੧੦੦ਵੀਂ ਵਰ੍ਹੇਗੰਢ ਨੂੰ ਸਮਰਪਿਤ ਵਿਸ਼ੇਸ਼ ਅੰਕ

ਸੰਪਾਦਕ
ਡਾ. ਜਾਗੀਰ ਸਿੰਘ

ਮਈ ੨੦੨੬



# ਠ

ਠੋਕਰ ਰੱਬ ਦੀ ਡਾਢੀ ਹੁੰਦੀ,
ਉਸ ਤੋਂ ਬਚ ਕੇ ਰਹਿਣਾ ਹੂ।
ਦਰਦਵੰਦਾਂ ਦੇ ਦਰਦ ਵੰਡਾਓ,
ਇਹ ਸੰਤਨ ਦਾ ਕਹਿਣਾ ਹੂ।
ਭਲਿਆਂ ਦੀ ਹੀ ਸੰਗਤ ਕਰੀਏ,
ਪਾਸ ਉਨ੍ਹਾਂ ਦੇ ਬਹਿਣਾ ਹੂ।
ਸੰਤੋਖ, ਦੁਖੀਆਂ ਦੇ ਦੁਖ ਵੰਡਾ ਕੇ
ਆਪੂੰ ਭੀ ਕੁਝ ਸਹਿਣਾ ਹੂ।

# ਅੰਮ੍ਰਿਤ ਕੀਰਤਨ

ਸੰਪਾਦਕ
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ.ਡੀ

ਸਹਿਯੋਗੀ
ਸ. ਹਰਭਜਨ ਸਿੰਘ, ਸ. ਨਵਤੇਜ ਸਿੰਘ
ਅਤੇ ਸ. ਅਰਸ਼ਦੀਪ ਸਿੰਘ

**AMRIT KIRTAN TRUST**

**SCAN & PAY**

UPI ID: drjagirsingh@sbi

**ਅੰਮ੍ਰਿਤ ਕੀਰਤਨ ਲਈ ਡਰਾਫਟ, ਮਾਇਕ ਸਹਾਇਤਾ ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ:**
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660, 98556 40630
e-mail: drjagirsingh@gmail.com
Website : http://www.amritkirtan.com

* ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
* 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ
**ਮੈਜੇਸਟਿਕ ਪ੍ਰਿੰਟਿੰਗ ਪ੍ਰੈਸ**
ਬੇ-ਸ਼ਾਪ ਨੰ: 7, ਫੇਜ਼ 7, ਮੁਹਾਲੀ
ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ
ਤੋਂ ਪ੍ਰਕਾਸ਼ਿਤ ਕੀਤਾ।

## ਇਸ ਅੰਕ ਵਿਚ

**ਕਰਉ ਬੇਨੰਤੀਆ**
ਭਾਈ ਅਵਤਾਰ ਸਿੰਘ ਜੀ ਦੀ ਜਨਮ ਸ਼ਤਾਬਦੀ 2

**ਪੁਰਾਤਨ ਕੀਰਤਨ ਮਰਿਆਦਾ ਅਤੇ ਸੰਗੀਤ ਲਿਖਣ ਦੀ ਪ੍ਰੇਰਣਾ** 3
ਭਾਈ ਅਵਤਾਰ ਸਿੰਘ, ਭਾਈ ਗੁਰਚਰਨ ਸਿੰਘ

**ਪ੍ਰਾਚੀਨ ਸ਼ਬਦ ਕੀਰਤਨ ਦੇ ਅਦੁੱਤੀ ਕੀਰਤਨੀਏ ਭਾਈ ਅਵਤਾਰ ਸਿੰਘ** 10
ਡਾ. ਗੁਰਨਾਮ ਸਿੰਘ

**ਪ੍ਰਸਿੱਧ ਕੀਰਤਨੀਏ ਰਾਗੀ ਭਾਈ ਅਵਤਾਰ ਸਿੰਘ** 12
ਡਾ. ਗਗਨਦੀਪ ਸਿੰਘ

**ਗੁਰਮੁਖ ਪਿਆਰੇ ਕੀਰਤਨੀਏ – ਭਾਈ ਅਵਤਾਰ ਸਿੰਘ ਜੀ ਰਾਗੀ** 18
ਅਰਸ਼ਦੀਪ ਸਿੰਘ

**ਮੈਗਜੀਨ ਦਾ ਸਾਲਾਨਾ ਚੰਦਾ 600/-ਰੁਪਏ**
**ਮੈਗਜੀਨ ਦਾ ਚੰਦਾ ਆਪ ਜੀ ਆਨਲਾਈਨ ਹੇਠ ਲਿਖੇ ਅਨੁਸਾਰ ਭੇਜ ਸਕਦੇ ਹੋ।**
**AMRIT KIRTAN TRUST**
Saving Bank A/c No. 65079603302, IFSC: SBIN0018141 in the State Bank of India, Phase 3B2, Mohali Punjab Branch. After such a Deposit, please inform us your Aadhar No., Pan No., Name & Address and also the deposit details to enable us to send you the receipt.

**DONATIONS TO AMRIT KIRTAN TRUST**
Cheques/Drafts should be sent in the name of AMRIT KIRTAN TRUST payable at Mohali. Donations can also be sent by money order at the address AMRIT KIRTAN TRUST (Regd.) 422, Sector 15-A,Chandigarh-160015. The Donations can be made by Electronic Transfer.
Bank details :
**AMRIT KIRTAN TRUST**
Saving Bank A/c No. 65079603302, IFSC: SBIN0018141 in the State Bank of India, Phase 3B2, Mohali Punjab Branch. After such a Deposit, please inform us your Aadhar No., Pan No. Name & Address and also the deposit details to enable us to send you the receipt.

# ਕਰਉ ਬੇਨੰਤੀਆ

## ਭਾਈ ਅਵਤਾਰ ਸਿੰਘ ਜੀ ਦੀ ਜਨਮ ਸ਼ਤਾਬਦੀ



ਇਸ ਸਾਲ ਟਕਸਾਲੀ ਕੀਰਤਨੀਏ ਭਾਈ ਅਵਤਾਰ ਸਿੰਘ ਜੀ ਦੀ ਜਨਮ ਸ਼ਤਾਬਦੀ ਮਨਾਈ ਜਾ ਰਹੀ ਹੈ। ਉਹਨਾਂ ਨੂੰ ਯਾਦ ਕਰਦਿਆਂ ਮੇਰਾ ਸਿਰ ਸ਼ਰਧਾ ਨਾਲ ਝੁਕ ਜਾਂਦਾ ਹੈ। ਮੈਂ ਭਾਈ ਸਾਹਿਬ ਦੇ ਸੰਪਰਕ ਵਿੱਚ 1975 ਵਿੱਚ ਆਇਆ ਸਾਂ। ਪੰਜਾਬ ਸਰਕਾਰ ਨੇ ਗੁਰੂ ਤੇਗ ਬਹਾਦਰ ਜੀ ਦੀ ਤਿੰਨ ਸੌ ਸਾਲਾ ਸ਼ਹੀਦੀ ਪੁਰਬ ਮਨਾਉਣ ਲਈ ਇੱਕ ਵੱਡ ਆਕਾਰੀ ਯੋਜਨਾ ਬਣਾਈ ਸੀ। ਇਸ ਵਿੱਚ ਇੱਕ ਕੀਰਤਨ ਸਬ ਕਮੇਟੀ ਬਣੀ ਸੀ। ਜਿਸ ਵਿੱਚ ਭਾਈ ਅਰਦਮਨ ਸਿੰਘ ਬਾਗੜੀਆਂ, ਗਿਆਨੀ ਗੁਰਦਿੱਤ ਸਿੰਘ, ਬਾਬਾ ਬੀਰ ਸਿੰਘ ਨਾਮਧਾਰੀ ਆਦਿ ਨਾਲ ਮੈਂ ਵੀ ਮੈਂਬਰ ਸਾਂ। ਉਦੋਂ ਸਰਕਾਰ ਦੀ ਇੱਛਾ ਸੀ ਕਿ ਪੰਜਾਬ ਵਿੱਚ ਜ਼ਿਲ੍ਹਾ ਪੱਧਰ ਤੇ ਕੀਰਤਨ ਦਰਬਾਰ ਕਰਵਾਏ ਜਾਣ। ਭਾਈ ਅਰਦਮਨ ਸਿੰਘ ਬਾਗੜੀਆਂ ਹੋਰਾਂ ਨਿਰਧਾਰਿਤ ਰਾਗਾਂ ਵਿੱਚ ਕੀਰਤਨ ਦਰਬਾਰ ਕਰਵਾਉਣ ਦਾ ਸੁਝਾਅ ਦਿੱਤਾ ਅਤੇ ਨਿਰਧਾਰਿਤ ਰਾਗਾਂ ਵਿੱਚ ਕੀਰਤਨ ਕਰਨ ਵਾਲੇ ਜਿਹੜੇ ਰਾਗੀ ਜਥਿਆਂ ਦਾ ਨਾਮ ਆਇਆ ਉਹਨਾਂ ਵਿੱਚ ਪਹਿਲਾ ਨਾਮ ਭਾਈ ਅਵਤਾਰ ਸਿੰਘ ਭਾਈ ਗੁਰਚਰਨ ਸਿੰਘ ਜੀ ਦੇ ਰਾਗੀ ਜਥੇ ਦਾ ਸੀ।

ਮੇਰੇ ਪੀ ਐਚ ਡੀ ਕਰਨ ਸਮੇਂ ਉਹਨਾਂ ਦੀ ਪੁਸਤਕ 'ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ' ਮੇਰੇ ਅੰਗ ਸੰਗ ਰਹੀ। 1977 ਵਿੱਚ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਸ਼ਤਾਬਦੀ ਸਮੇਂ ਮੇਰਾ ਇਹਨਾਂ ਨਾਲ ਮੇਲ ਹੋਇਆ ਤੇ ਫਿਰ ਪਿਆਰ ਸਤਿਕਾਰ ਵਧਦਾ ਗਿਆ। ਵਿਦੇਸ਼ਾਂ ਵਿੱਚ ਵੀ ਅਤੇ ਇਹਨਾਂ ਦੇ ਘਰ ਜਾ ਕੇ ਵੀ ਸੰਗਤ ਮਾਣਦਾ ਰਿਹਾ ਹਾਂ। ਆਪ ਜੀ ਹਮੇਸ਼ਾ ਮੈਨੂੰ ਪਿਤਾ ਪੁਰਖੀ ਪਿਆਰ ਬਖਸ਼ਦੇ ਰਹੇ ਹਨ। ਉਹਨਾਂ ਨਾਲ ਵਿਚਾਰ ਵਟਾਂਦਰਾ ਹਮੇਸ਼ਾ ਕੁਝ ਨਾ ਕੁਝ ਸਿਖਾਂਦਾ ਰਿਹਾ ਹੈ। ਮੇਰੇ ਬੇਟੇ ਹਰਗੁਨਗੀਤ ਸਿੰਘ ਦੇ ਨਾਮਕਰਨ ਸਮਾਗਮ ਵਿੱਚ ਆਪ ਜੀ ਦੇ ਪੂਰੇ ਜਥੇ ਭਾਈ ਅਵਤਾਰ ਸਿੰਘ, ਭਾਈ ਗੁਰਚਰਨ ਸਿੰਘ ਅਤੇ ਭਾਈ ਸਵਰਨ ਸਿੰਘ ਨੇ ਕੀਰਤਨ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਉਹਨਾਂ ਵੱਲੋਂ ਗਾਈਆਂ ਪੜਤਾਲਾਂ ਅਤੇ ਸ਼ਬਦ 'ਤੇਰੇ ਘਰ ਅਨੰਦ ਵਧਾਈ ਤੁਧੁ ਘਰ' ਅਤੇ 'ਕਿਆ ਨਾਹੀ ਘਰਿ ਤੇਰੇ' ਚੰਡੀਗੜ੍ਹ ਦੇ ਕੀਰਤਨ ਪ੍ਰੇਮੀ ਅਜੇ ਵੀ ਯਾਦ ਕਰਦੇ ਹਨ। ਬਾਅਦ ਵਿੱਚ ਮੈਂ ਵੀ ਇਹ ਸ਼ਬਦ ਗਾਇਨ ਕਰਦਾ ਰਿਹਾ ਹਾਂ।

ਖੈਰ, ਹੁਣ ਤਾਂ ਉਹਨਾਂ ਦੀਆਂ ਰੀਤਾਂ ਦਾ ਬੇਅੰਤ ਖਜ਼ਾਨਾ ਰਿਕਾਰਡਿੰਗ ਦੇ ਰੂਪ ਵਿੱਚ ਉਪਲਬਧ ਹੈ। ਲੋੜ ਹੈ ਅਜੋਕੇ ਕੀਰਤਨ ਵਿਦਿਆਰਥੀਆਂ ਨੂੰ ਉਸ ਨਾਲ ਜੋੜਨ ਦੀ। ਸਤਿਗੁਰੂ ਮਿਹਰ ਕਰਨ।

ਭੁੱਲ ਚੁੱਕ ਖਿਮਾ
**ਜਾਗੀਰ ਸਿੰਘ**

# ਪੁਰਾਤਨ ਕੀਰਤਨ ਮਰਿਆਦਾ ਅਤੇ ਸੰਗੀਤ ਲਿਖਣ ਦੀ ਪ੍ਰੇਰਣਾ

**ਭਾਈ ਅਵਤਾਰ ਸਿੰਘ ਭਾਈ ਗੁਰਚਰਨ ਸਿੰਘ**

ਜਗਤ ਤਾਰਕ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਨੇ ਜਿਥੇ ਹੋਰ ਬੇਅੰਤ ਪਰਉਪਕਾਰ ਦੇ ਕਾਰਜ ਕੀਤੇ ਤੇ ਭੁਲੇ ਲੋਕਾਂ ਨੂੰ ਸੱਚ ਦਾ ਮਾਰਗ ਦਰਸਾਇਆ ਉਥੇ ਇਹ ਭੀ ਸਤਿਗੁਰੂ ਜੀ ਦੀ ਕਲਜੁਗੀ ਜੀਵਾਂ ਉਪਰ ਮਹਾਨ ਬਖ਼ਸ਼ਿਸ ਹੈ ਕਿ ਪ੍ਰਭੂ ਦੀ ਪ੍ਰਾਪਤੀ ਲਈ ਸਿਮਰਨ, ਭਗਤੀ ਦਾ ਸੁਖੈਨ ਢੰਗ ਹਰੀ ਕੀਰਤਨ ਪ੍ਰਚੱਲਤ ਕੀਤਾ। ਪੁਰਾਤਨ ਗਵੱਈਏ ਸੰਗੀਤਕਾਰ ਸੰਗੀਤ ਨੂੰ ਕੇਵਲ ਮਨੋਰੰਜਨ ਲਈ ਹੀ ਇਕ ਸਾਧਨ ਸਮਝਦੇ ਸਨ। ਇਸੇ ਲਈ ਉਨ੍ਹਾਂ ਦਾ ਰਾਗ ਗਾਉਣ ਦਾ ਢੰਗ ਹੋਰ ਸੀ ਜੈਸਾ ਕਿ ਉਹ ਬਹੁਤ ਥੋੜ੍ਹੇ ਜਿਹੇ ਬੋਲਾਂ ਨੂੰ ਬਹੁਤ ਕਾਫੀ ਸਮਾਂ ਗਾਇਆ ਕਰਦੇ ਤੇ ਜ਼ਿਆਦਾ ਕੇਵਲ ਸੰਗੀਤ ਦੀ ਕਲਾ ਨੂੰ ਹੀ ਮੁੱਖ ਰੱਖਿਆ ਕਰਦੇ ਸਨ। ਉਸ ਕਲਾ ਵਿਚ ਉਹ ਕਮਾਲੀਅਤ ਦਾ ਪ੍ਰਗਟਾਵਾ ਤਾਂ ਜ਼ਰੂਰ ਕਰਦੇ ਸਨ ਪਰ ਸ਼ਬਦ ਬੋਲ ਲਗਭਗ ਨਿਰਾਰਥ ਹੀ ਬਣ ਜਾਇਆ ਕਰਦੇ ਸਨ। ਰਬ ਨਾਲ ਜੁੜਨ ਲਈ ਲੋਕੀਂ ਬਹੁਤ ਕਠਿਨ ਸਾਧਨ ਅਥਵਾ ਹੱਠ ਯੱਗ ਆਦਿਕ ਤੇ ਕਰਮ੍ਕਾਡਾਂ ਦੇ ਚੱਕਰਾਂ ਵਿੱਚ ਹੀ ਫਸੇ ਹੋਏ ਸਨ ਤੇ ਉਨ੍ਹਾਂ ਸਾਧਨਾਂ ਦੁਆਰਾ ਰਿੱਧੀਆਂ ਸਿੱਧੀਆਂ ਪ੍ਰਾਪਤ ਹੋ ਜਾਣ ਨੂੰ ਹੀ ਆਪਣਾ ਮੰਜ਼ਿਲੇ-ਮਕਸੂਦ ਸਮਝਿਆ ਕਰਦੇ ਸੀ। ਪਰ ਸਤਿਗੁਰੂ ਜੀ ਨੇ 'ਰਿਧਿ-ਸਿਧਿ ਅਵਰਾ ਸਾਦ' ਦੱਸ ਕੇ ਮਨੁੱਖੀ ਆਤਮਾ ਦਾ ਪਰਮਾਤਮਾ ਵਿਚ ਲੀਨ ਹੋ ਜਾਣ ਨੂੰ ਮੰਜ਼ਿਲੇ-ਮਕਸੂਦ ਦਸਿਆ ਤੇ ਇਸ ਨਿਸ਼ਾਨੇ ਦੀ ਪ੍ਰਾਪਤੀ ਲਈ ਕੀਰਤਨ ਨੂੰ ਸਾਧਨ ਬਣਾਇਆ ਜੈਸਾ ਕਿ ਗੁਰਬਾਣੀ ਮਹਾਂਵਾਕ ਹੈ 'ਰਾਜ ਲੀਲਾ ਤੇਰੇ ਨਾਮ ਬਣਾਈ। ਜੋਗ ਬਣਿਆ ਤੇਰਾ ਕੀਰਤਨ ਗਾਈ।' ਮਨੁੱਖੀ ਮਨ ਤੇ ਸੰਗੀਤ ਦਾ ਪ੍ਰਭਾਵ ਬਹੁਤ ਜਲਦੀ ਪੈਂਦਾ ਹੈ, ਚਾਹੇ ਸੰਗੀਤ ਵਿਚ ਇਸ਼ਕ ਮਜਾਜ਼ੀ ਦੇ ਗੀਤ ਗਾਏ ਜਾਣ ਜਾਂ ਇਸ਼ਕ ਹਕੀਕੀ ਦੇ ਗੀਤ ਗਾਏ ਜਾਣ। ਇਸ ਤਰ੍ਹਾਂ 'ਮੁਰਸ਼ਿਦੇ-ਕਾਮਲ ਇਲਾਜ'-ਦਿਲ ਕੁਨਦੋ ਭਾਈ ਨੰਦ ਲਾਲ ਸਾਹਿਬ ਦੇ ਕਥਨ ਮੁਤਾਬਿਕ ਬਿਮਾਰ ਦਿਲਾਂ ਦੇ ਇਲਾਜ ਲਈ ਧੁਰ ਦਰਗਾਹੋਂ ਆਏ ਵੈਦ ਗੁਰੁ ਨਾਨਕ ਨੇ ਮਨੁੱਖੀ ਦਿਲਾਂ ਦੇ ਨਬਜ਼ ਦੀ ਜਾਂਚ ਕਰਕੇ ਰਾਗ ਵਿਚ ਗੰਦੇ ਗੀਤ ਅਥਵਾ ਇਸ਼ਕ ਮਜ਼ਾਜੀ ਦੇ ਗੀਤ ਜਾਂ ਹੋਰ ਨਿਰਾਥਕ ਸ਼ਬਦਾਂ ਨੂੰ ਗਾਣ ਦੀ ਬਜਾਏ ਰਬੀ ਸਿਫਤ ਸਲਾਹ ਵਾਲੇ ਸ਼ਬਦ ਗਾਉਣ ਦਾ ਤਰੀਕਾ ਅਪਣਾਇਆ ਤੇ ਇਤਿਹਾਸ ਗਵਾਹੀ ਦਿੰਦਾ ਹੈ ਕਿ ਪ੍ਰਭੂ ਦੀ ਸਿਫਤ ਸਲਾਹ ਵਾਲੇ ਸ਼ਬਦਾਂ ਨੂੰ ਰਾਗ ਵਿਚ ਸਤਿਗੁਰੂ ਜੀ ਦੀ ਰਸਨਾ ਤੋਂ ਸਰਵਨ ਕਰ ਕੇ ਬੜੇ ਬੜੇ ਚੋਰ, ਡਾਕੂ, ਧਾੜਵੀ ਰਾਕਸ਼ਸ਼ ਬਿਰਤੀਆਂ ਵਾਲੇ ਇਨਸਾਨ ਤੇ ਜ਼ਾਲਮ ਹੁਕਮਰਾਨ ਸਹੀ ਅਰਥਾਂ ਵਿਚ ਇਨਸਾਨ ਬਣ ਗਏ ਤੇ ਉਨ੍ਹਾਂ ਨੇ ਖਲਕਤੇ-ਖੁਦਾ ਨੂੰ ਦੁਖ ਦੇਣ ਵਾਲੇ ਕਰਮਾਂ ਨੂੰ ਤਿਆਗ ਕੇ ਸੁਖ ਦੇਣ ਵਾਲੇ ਕਰਮਾਂ ਨੂੰ ਅਪਣਾ ਕੇ ਰੱਬ ਨਾਲ ਜੁੜ ਕੇ ਆਪਣਾ ਜਨਮ ਭੀ ਸੰਵਾਰ ਲਿਆ ਤੇ ਲੁਕਾਈ ਵਾਸਤੇ ਉਹ ਬੜੇ ਪਰਉਪਕਾਰੀ ਸਾਬਤ ਹੋਏ। ਸਤਿਗੁਰੂ ਜੀ ਨੇ ਇਸ ਪ੍ਰਚਾਰ ਦੀ ਸੇਵਾ ਲਈ ਭਾਈ ਮਰਦਾਨੇ ਨੂੰ ਆਪਣਾ ਸਾਥੀ ਚੁਣਿਆ। ਇਹ ਖਿਆਲ ਗ਼ਲਤ ਹੈ ਕਿ ਗਾਉਣ ਵਜਾਉਣ ਦਾ ਕੰਮ ਕੇਵਲ ਮਰਾਸੀ ਜਾਤ ਵਾਲੇ ਹੀ ਕਰਿਆ ਕਰਦੇ ਸਨ ਬਲਕਿ ਸਚਾਈ ਇਹ ਹੈ ਕਿ ਉੱਚ ਜਾਤੀਆਂ ਵਾਲੇ ਸੰਗੀਤ ਕਲਾ ਵਿਚ ਉੱਚ ਸਿਖਰਾਂ ਤੇ ਸਨ। ਵਿਸਥਾਰ ਦੇ ਡਰ ਕਰਕੇ ਉਨ੍ਹਾਂ ਦਾ ਜ਼ਿਕਰ ਕਰਨਾ ਮੁਨਾਸਬ ਨਹੀਂ ਸਮਝਿਆ। ਨੀਵਿਆਂ ਨੂੰ ਉੱਚੇ ਕਰਨ ਵਾਲੇ ਤੇ ਸਾਰੇ ਮਨੁੱਖਾਂ ਨੂੰ ਬਰਾਬਰੀ ਦਾ ਦਰਜਾ ਦੇਣ ਵਾਲੇ ਸਤਿਗੁਰੂ ਦੀ ਇਹ ਭੀ ਮਹਾਨ ਬਖ਼ਸ਼ਿਸ਼ ਹੈ ਕਿ ਉਨ੍ਹਾਂ ਨੇ ਕੀਰਤਨ ਵਿਚ ਸਹਾਇਕ ਭਾਈ ਮਰਦਾਨੇ ਨੂੰ ਬਣਾਇਆ ਤੇ ਉਸ ਨੂੰ ਰਬਾਬ ਵਜਾਉਣ ਦੀ ਦਾਤ ਬਖ਼ਸ਼ੀ। ਇਸ ਤੋਂ ਪਹਿਲਾਂ ਉਹ ਲੋਕਾਂ ਦੀ ਨਜ਼ਰ ਵਿਚ ਕੇਵਲ ਮਿਰਾਸੀ ਹੀ ਸੀ ਪਰ ਸਤਿਗੁਰੂ ਦੀ ਮਿਹਰ ਦਾ ਸਦਕਾ ਰਬਾਬ ਵਜਾਉਣ ਕਰਕੇ ਉਹ ਭਾਈ ਮਰਦਾਨਾ ਬਣ ਗਿਆ ਤੇ ਉਸ ਦੀ ਬੰਸ ਵਾਲਿਆਂ ਨੂੰ ਮਿਰਾਸੀ ਦੀ ਬਜਾਏ ਰਬਾਬੀ ਸ਼ਬਦ ਨਾਲ ਸਤਿਕਾਰਿਆ ਜਾਣ ਲੱਗਾ। ਪੰਜਵੀਂ ਪਾਤਸ਼ਾਹੀ ਦੇ ਵਕਤ ਤੱਕ ਕੀਰਤਨ ਰਬਾਬੀ ਹੀ ਕਰਿਆ ਕਰਦੇ ਸਨ ਪਰ ਭਾਈ ਸਤਾ ਤੇ ਬਲਵੰਤ ਦੇ ਮਾਣ ਵਿਚ ਆ ਜਾਣ ਦੇ ਕਾਰਣ ਸਤਿਗੁਰੂ ਅਰਜਨ ਦੇਵ ਸਾਹਿਬ ਜੀ ਨੇ ਕੀਰਤਨ ਵਰਗੀ ਅਮੋਲਿਕ ਦਾਤ ਗੁਰਸਿੱਖਾਂ ਨੂੰ ਬਖਸ਼ੀ। ਉਸ ਵਕਤ ਤੋਂ ਸਤਿਗੁਰੂ ਸਾਹਿਬਾਨ ਦੇ ਦਰਬਾਰਾਂ ਵਿਚ ਰਬਾਬੀਆਂ ਤੋਂ ਇਲਾਵਾ ਸਿੱਖ ਕੀਰਤਨੀਏ ਭੀ ਕੀਰਤਨ ਦੀ ਸੇਵਾ ਕਰਨ ਲੱਗ ਪਏ ਸਨ, ਭਾਵੇਂ ਪਹਿਲੇ ਪ੍ਰਭਾਵ ਕਾਰਣ ਵਿਸ਼ੇਸ਼ ਗਿਣਤੀ ਦਸਮ ਪਾਤਸ਼ਾਹ ਤੱਕ ਰਬਾਬੀਆਂ ਦੀ ਹੀ ਰਹੀ। ਦਸੇ ਸਤਿਗੁਰੂ ਸਾਹਿਬਾਨ ਜੀ ਆਪ ਕੀਰਤਨ ਕਰਿਆ ਕਰਦੇ ਸਨ। ਸੁਣਿਆ ਹੈ ਦਸਮ ਪਾਤਸ਼ਾਹ ਜੀ ਦਾ ਰਬਾਬ ਹੁਣ ਤੱਕ ਮੰਡੀ ਸੁਕੇਤ ਵਿਚ ਪਿਆ ਹੈ, ਜਿਸ ਨੂੰ ਆਪ ਵਜਾ ਕੇ ਕੀਰਤਨ ਕਰਦੇ ਸਨ। ਪੜਤਾਲਾਂ, ਧੁਨੀਆਂ, ਅਲਾਹਣੀਆਂ, ਘੋੜੀਆਂ ਆਦਿਕ ਦੀਆਂ ਰੀਤਾਂ (ਟਿਊਨਾਂ)

ਤੋਂ ਇਲਾਵਾ ਹੋਰ ਸ਼ਬਦਾਂ ਦੀਆਂ ਰੀਤਾਂ (ਟਿਊਨਾਂ) ਦੀ ਬੰਦਸ਼ ਭੀ ਸਤਿਗੁਰੂ ਸਾਹਿਬਾਨ ਦੀ ਬਖ਼ਸ਼ਿਸ਼ ਸੀ ਤੇ ਪੁਰਾਤਨ ਰਬਾਬੀ ਤੇ ਰਾਗੀ ਸਿੰਘ ਭੀ ਉਨ੍ਹਾਂ ਰੀਤਾਂ (ਟਿਊਨਾਂ) ਵਰਗੀਆਂ ਬੰਦਸ਼ਾਂ ਕਰਕੇ ਸਤਿਗੁਰੂ ਜੀ ਨੂੰ ਸੁਣਾ ਕੇ ਖ਼ੁਸ਼ੀਆਂ ਪ੍ਰਾਪਤ ਕਰਿਆ ਕਰਦੇ ਸਨ। ਗੁਰਬਾਣੀ ਨੂੰ ਬੇਸ਼ੱਕ ਸਿੱਧੇ ਸਾਦੇ ਢੰਗ ਨਾਲ ਜਾਂ ਢੋਲਕੀ ਛੈਣਿਆਂ ਨਾਲ ਗਾ ਕੇ ਆਨੰਦ ਮਾਣਿਆ ਜਾ ਸਕਦਾ ਹੈ ਪਰ ਸਤਿਗੁਰੂ ਜੀ ਨੇ 'ਧਨ ਧਨ ਭਾਗ ਤਿਨਾ ਸਾਧ ਜਨਾਂ ਹਰਿ ਕੀਰਤਨ ਗਾਇ ਗੁਣੀ ਜਨ ਬਣਤਿਆ' ਜੈਸੀਆਂ ਤੁਕਾਂ ਉਚਾਰ ਕੇ ਵਿਦਵਾਨ ਬਣ ਕੇ ਕੀਰਤਨ ਕਰਨ ਨੂੰ ਤਰਜੀਹ ਦਿੱਤੀ ਤੇ ਵਿਦਵਾਨ ਕੀਰਤਨ ਕਰਨ ਵਾਲਿਆਂ ਦੀ ਕਦਰ ਕਰਕੇ ਉਨ੍ਹਾਂ ਦੇ ਹੌਂਸਲੇ ਵਧਾਏ। ਇਸੇ ਕਰਕੇ ਪੁਰਾਤਨ ਕੀਰਤਨੀਆਂ ਵਿਚ ਰਾਗ ਵਿਦਿਆ ਪ੍ਰਾਪਤ ਕਰਨ ਦਾ ਤੇ ਕਠਿਨ ਮਿਹਨਤ ਕਰਨ ਦਾ ਸ਼ੌਕ ਵਧੇਰੇ ਰਿਹਾ ਸੀ ਤੇ ਉਹ ਰਾਗ ਵਿਚ ਨਿਪੁੰਨ ਹੋ ਕੇ ਗੁਰ-ਸ਼ਬਦ ਗਾ ਕੇ ਸਤਿਗੁਰੂ ਜੀ ਦੀਆਂ ਖੁਸ਼ੀਆਂ ਤੇ ਸੰਗਤਾਂ ਦੀ ਪ੍ਰਸੰਨਤਾ ਪ੍ਰਾਪਤ ਕਰਿਆ ਕਰਦੇ ਸਨ। ਇਥੇ ਇਹ ਗੱਲ ਸਪੱਸ਼ਟ ਕਰਨੀ ਯੋਗ ਹੋਵੇਗੀ ਕਿ ਭਾਵੇਂ ਉਹ ਕੀਰਤਨ ਕਰਨ ਵਾਲੇ ਰਾਗੀ ਤੇ ਰਬਾਬੀ ਸੰਗੀਤ-ਕਲਾ ਵਿਚ ਪ੍ਰਬੀਨ ਹੋਇਆ ਕਰਦੇ ਸੀ ਪਰ ਸਤਿਗੁਰੂ ਜੀ ਦੇ ਢੰਗ ਅਨੁਸਾਰ ਕੀਰਤਨ ਵਿਚ ਉਹ ਮੁੱਖ ਗੁਰ-ਸ਼ਬਦ ਨੂੰ ਹੀ ਰਖਿਆ ਕਰਦੇ ਸਨ। ਹੋਰ ਸੰਗੀਤਕਾਰਾਂ ਦੀ ਤਰ੍ਹਾਂ ਨਿਰੇ ਰਾਗ ਨੂੰ ਮੁੱਖ ਨਹੀਂ ਸੀ ਬਣਾਉਂਦੇ। ਸਾਨੂੰ ਆਪਣੇ ਪਿਤਾ ਜੀ ਪਾਸੋਂ ਇਹ ਸਰੋਤ ਪ੍ਰਾਪਤ ਹੋਈ ਸੀ ਕਿ ਪੁਰਾਤਨ ਕੀਰਤਨੀਏ ਕੀਰਤਨ ਵਿਚ ਅਲਾਪ, ਮੀਡ. ਗੰਮਕਤਾਨ ਆਦਿਕ ਭੀ ਗੁਰਬਾਣੀ ਦੀ ਤੁਕ ਨੂੰ ਹੀ ਲੈ ਕੇ ਕਰਿਆ ਕਰਦੇ ਸਨ ਤਾਂ ਕਿ ਸਰੋਤਿਆਂ ਦੇ ਦਿਲਾਂ ਉਪਰ ਰਾਗ ਵਿਚ ਗੁਝ ਕੇ ਅਲਾਪੀ ਹੋਈ ਗੁਰਬਾਣੀ ਦੀ ਤੁਕ ਦਾ ਵਧੇਰੇ ਪ੍ਰਭਾਵ ਪੈ ਸਕੇ। ਕੀਰਤਨ ਵਿਚ ਕੇਵਲ ਆ ਆ ਆ ਕਰਕੇ ਤਾਨਾਂ ਦਾ ਰਿਵਾਜ ਤੇ ਸਰਗਮ ਤੋਂ ਤ੍ਰਾਨਿਆਂ ਦਾ ਨਾਟਕੀ ਰਿਵਾਜ ਥੋੜ੍ਹੇ ਸਮੇਂ ਤੋਂ ਹੀ ਪਿਆ ਹੈ ਭਾਵ ਕਿ ਪੁਰਾਤਨ ਕੀਰਤਨੀਏ ਵਡੇ ਵਡੇ ਤਾਲਾਂ ਵਿਚ ਤੇ ਸ਼ੁੱਧ ਰਾਗ ਵਿੱਚ ਵਿਲੱਖਣ ਢੰਗ ਨਾਲ ਗੁਰਬਾਣੀ ਗਾਉਂਦੇ ਹੋਏ ਮੁੱਖ ਗੁਰਬਾਣੀ ਦੇ ਉਚਾਰਣ ਨੂੰ ਸਮਝਦੇ ਸੀ ਤੇ ਇਹ ਤਰੀਕਾ ਹੀ ਦਸਾਂ ਪਾਤਸ਼ਾਹੀਆਂ ਦਾ ਆਪਣਾ ਸੀ। ਜਦੋਂ ਤੋਂ ਫਿਲਮਾਂ ਦਾ ਰਿਵਾਜ ਚਲਿਆ ਤੇ ਮਿਸ਼ਰਤ ਰਾਗਾਂ ਵਿਚ ਲੋਕ ਗੀਤ, ਟਪੇ, ਫਿਲਮੀ ਤਰਜ਼ਾਂ, ਆਦਿਕ ਦਾ ਪ੍ਰਭਾਵ ਮਨੁੱਖੀ ਚੰਚਲ ਮਨਾਂ ਨੇ ਜ਼ਿਆਦਾ ਕਬੂਲਿਆ, ਕੀਰਤਨੀਏ ਭੀ ਪੁਰਾਣੇ ਢੰਗ ਨੂੰ ਛੱਡਣ ਲੱਗ ਪਏ ਤੇ ਨਵੇਂ ਤੇ ਬਹੁਤ ਸੌਖੇ ਥੋੜ੍ਹੀ ਮਿਹਨਤ ਵਾਲੇ ਤਰੀਕੇ ਨੂੰ ਅਪਣਾ ਕੇ ਕੀਰਤਨ ਕਰਨ ਨੂੰ ਆਪਣੀ ਉਪਜੀਵਕਾ ਦਾ ਸਾਧਨ ਬਣਾਉਣ ਲੱਗ ਪਏ। ਇਸੇ ਕਾਰਣ ਪੁਰਾਣੀਆਂ ਬੰਦਸ਼ਾਂ ਸ਼ਬਦ ਰੀਤਾਂ ਪੁਰਾਤਨ ਕੀਰਤਨੀਆਂ ਦੇ ਨਾਲ ਹੀ ਅਲੋਪ ਹੋਣ ਲੱਗ ਪਈਆਂ। ਇਸ ਅਮੋਲਿਕ ਖ਼ਜ਼ਾਨੇ ਦੇ ਗੁੰਮ ਹੋ ਜਾਣ ਦਾ ਤੌਖਲਾ ਬਹੁਤ ਗੁਰਸਿੱਖ ਪਵਿੱਤਰ ਆਤਮਾਵਾਂ ਨੇ ਮਹਿਸੂਸ ਕੀਤਾ ਤੇ ਉਨ੍ਹਾਂ ਨੇ ਇਸ ਖ਼ਜ਼ਾਨੇ ਨੂੰ ਸੰਭਾਲਣ ਦੀਆਂ ਕੋਸ਼ਿਸ਼ਾਂ ਆਰੰਭੀਆਂ ਜਿਨ੍ਹਾਂ ਯਤਨਾਂ ਵਿਚੋਂ ਇਕ ਇਹ ਭੀ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਸੁਯੋਗ ਪ੍ਰਬੰਧਕਾਂ ਦਾ ਸ਼ਲਾਘਾਯੋਗ ਯਤਨ ਹੈ ਜੋ ਇਹ ਪੁਸਤਕ 'ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ' ਛਾਪ ਰਹੀ ਹੈ।

ਜੋ ਮਹਾਰਾਜ ਨੇ ਕੀਰਤਨ ਦੀ ਮਰਯਾਦਾ ਕਾਇਮ ਕੀਤੀ ਤੇ ਜਿਸ ਤਰ੍ਹਾਂ ਪੁਰਾਣੇ ਕੀਰਤਨੀਏ ਰਾਗੀ ਸਿੰਘ ਤੇ ਰਬਾਬੀ ਕੀਰਤਨ ਮਰਯਾਦਾ ਨਾਲ ਕਰਦੇ ਸਨ, ਉਹ ਲਿਖਣੀ ਵੀ ਜ਼ਰੂਰੀ ਹੈ:

(1) ਪਹਿਲੇ ਸ਼ਾਨ (ਲਹਿਰਾ) ਵਜਾਉਣਾ।

(2) ਫਿਰ ਮੰਗਲਾਚਾਰਣ ਕਰਨਾ-ਠੇਕਾ ਧਮਾਰ ਜਾਂ ਚਾਰਤਾਲ ਵਿਚ।

(3) ਫਿਰ ਧਰੁਪਦ ਜਾਂ ਵਡੇ ਤਾਲ ਦੀ ਕੋਈ ਰੀਤ ਗਾਉਣੀ ਤੇ ਉਸ ਰੀਤ ਨਾਲ ਜੋੜੀ ਵਾਲੇ ਸਜਣ ਨੇ ਗਤ (ਬੰਦ ਹੱਥਾਂ ਨਾਲ) ਜਾਂ ਸਾਥ (ਖੁਲੇ ਹੱਥਾਂ ਨਾਲ) ਬੋਲ, ਲਗਾਂ। ਪਰਣਾਂ ਵਜੋਣੀਆਂ ਤੇ ਠਾ, ਦੁਗਨ, ਤਿਗਨ, ਚੁਗਨ ਅਥਵਾ ਆਡ (ਦੂਜੇ ਪਾਸੇ) ਕੁਆਡ ਲੈਆਂ ਬਦਲਣੀਆਂ। ਐਸੇ ਤਰੀਕੇ ਨਾਲ ਅਲੌਕਿਕ ਰੰਗ ਬਣਦਾ ਸੀ।

(4) ਫਿਰ ਕੋਈ ਸੌਖੀ ਰੀਤ ਗਾਉਣੀ ਤੇ ਇਸ ਵਿਚ ਲੋੜ ਅਨੁਸਾਰ ਵਿਆਖਿਆ ਤੇ ਸਾਖੀ ਆਦਿਕ ਕਰਨੀ।

(5) ਅਖੀਰ ਵਿਚ ਉਸੇ ਰਾਗ ਦੀ ਪਉੜੀ ਲਾਉਣੀ ਤੇ ਕੀਰਤਨ ਦੀ ਸਮਾਪਤੀ ਕਰਨੀ।

(6) ਸਾਡੇ ਪੂਜ ਪਿਤਾ ਜੀ ਔਖੇ ਸ਼ਬਦਾਂ ਦਾ ਪਾਠ ਕਰਕੇ ਪਹਿਲੇ ਸੁਣਾ ਦਿੰਦੇ ਸਨ। ਫਿਰ ਰੀਤ-ਪੜਤਾਲਾਂ ਆਦਿ ਗਾਉਂਦੇ ਸਨ।

ਪੂਜ ਪਿਤਾ ਜੀ ਨੇ ਜਦੋਂ ਅੰਮ੍ਰਿਤਸਰ ਬਾਬਾ ਰੰਗੀ ਰਾਮ ਸਿੰਘ ਜੀ ਤੋਂ ਵਿਦਿਆ ਪ੍ਰਾਪਤ ਕੀਤੀ, ਪਹਿਲੇ ਦੋ ਤਿੰਨ ਸਾਲ ਰੋੜ੍ਹੀ ਸੱਖਰ ਸਿੰਧ (ਹੁਣ ਪਾਕਿਸਤਾਨ) ਵਿਚ ਭਾਈ ਸਾਹਿਬ ਮਾਧੋ ਦਾਸ ਜੀ ਮਸੰਦ ਪਾਸ ਰਹੇ। ਇਨ੍ਹਾਂ ਨੂੰ ਸੰਗੀਤ ਦਾ ਬਹੁਤ ਸ਼ੌਂਕ ਸੀ। ਫਿਰ ਵਾਪਸ ਪਿੰਡ ਸੈਦਪੁਰ ਆ ਗਏ। ਪਹਿਲੇ ਪਿਤਾ ਜੀ ਤਾਊਸ ਵਜਾ ਕੇ ਕੀਰਤਨ ਕਰਿਆ ਕਰਦੇ ਸਨ। ਉਸ ਵੇਲੇ ਜੱਥੇ ਨਾਲ ਚਾਰ ਤਾਊਸ ਤੇ ਦੋ ਜੌੜੀਆਂ ਹੁੰਦੀਆਂ ਸਨ। ਪਿਤਾ ਜੀ, ਉਸਤਾਦ ਬਾਬਾ ਸ਼ਰਧਾ ਸਿੰਘ ਜੀ, ਬਾਬਾ ਰਾਮ ਸਿੰਘ ਜੀ, ਭਾਈ ਹੀਰਾ ਸਿੰਘ ਦੀ ਤਾਊਸ ਵਜਾਉਂਦੇ ਤੇ ਭਾਈ ਹਰਨਾਮ ਸਿੰਘ ਦਾ ਟਿੱਬਾ (ਜਿਨ੍ਹਾਂ ਨੂੰ ਨਾਮਧਾਰੀ ਸੰਪਰਦਾਇ ਵੱਲੋਂ ਪਹਿਲਾਂ ਇਨਾਮ ਘੋੜੀ ਦਿੱਤਾ ਗਿਆ ਸੀ) ਤੇ ਭਾਈ ਟਹਿਲ ਸਿੰਘ ਬਾਣੀਆਂ ਵਾਲੇ ਤਬਲੇ ਵਜਾਉਂਦੇ ਸਨ। ਜਦੋਂ ਪਿਤਾ ਜੀ ਜੈਤੋ ਮੋਰਚੇ ਵਿੱਚ ਪਹਿਲੇ ਸ਼ਹੀਦੀ ਜਥੇ ਵਿਚ ਗਏ, ਜਿਹਲ ਕਟੀ, ਉਸ ਵੇਲੇ ਜਿਹਲ ਵਿਚ ਹੀ ਦਰਦਾਂ ਸ਼ੁਰੂ ਹੋ ਗਈਆਂ, ਫਿਰ ਤਾਊਸ ਵਜਾਉਣਾ ਘੱਟ ਹੋ ਗਿਆ। ਦੋ ਤਾਊਸ ਤੇ ਦੋ ਜੋੜੀਆਂ ਤਾਂ ਅਸੀਂ ਭੀ ਛੋਟੇ ਹੁੰਦਿਆਂ ਵੇਖੀਆਂ ਹਨ। ਪਿਤਾ ਜੀ ਦੇ ਜੱਥੇ ਦਾ ਦ੍ਰਿਸ਼ ਤੇ ਕੀਰਤਨ ਅਲੌਕਿਕ ਹੀ ਸੀ। ਪਿਤਾ ਜੀ ਨੇ 60 ਸਾਲ ਕੀਰਤਨ ਦੀ ਸੇਵਾ ਕੀਤੀ।

**ਸਾਨੂੰ ਇਹ ਪ੍ਰਾਚੀਨ ਰੀਤਾਂ ਦਾ ਭੰਡਾਰ ਕਿਸ ਤਰ੍ਹਾਂ ਪ੍ਰਾਪਤ ਹੋਇਆ।**

ਸਾਡੇ ਪ੍ਰਮ ਪੂਜ ਪਿਤਾ ਸਚਖੰਡ ਵਾਸੀ ਬਾਬਾ ਜਵਾਲਾ ਸਿੰਘ ਜੀ ਪ੍ਰਸਿੱਧ ਕੀਰਤਨੀਏ ਸਨ। ਇਨ੍ਹਾਂ ਦਾ ਜਨਮ ਸੰਨ 1872 ਵਿਚ ਪਿੰਡ ਸੈਦਪੁਰ (ਠਠਾ ਟਿੱਬਾ) ਜ਼ਿਲ੍ਹਾ ਕਪੂਰਥਲਾ ਵਿਚ ਭਾਈ ਦੇਵ ਸਿੰਘ ਜੀ ਦੇ ਘਰ ਮਾਤਾ ਨੰਦ ਕੌਰ ਦੀ ਕੁੱਖੋਂ ਹੋਇਆ ਸੀ। ਪਿਤਾ ਜੀ ਦਸਿਆ ਕਰਦੇ ਸਨ ਕਿ ਸਾਡੀ ਬੰਸ ਵਿਚ ਕਈ ਪੁਸ਼ਤਾਂ ਤੋਂ ਲਗਭਗ ਦਸਮ ਪਾਤਸ਼ਾਹ ਜੀ ਦੇ ਸਮੇਂ ਤੋਂ ਹੀ ਕੀਰਤਨ ਦੀ ਬਖ਼ਸ਼ਿਸ਼ ਰਹੀ ਹੈ। ਕਈ ਸਜਣ ਆਪਣੀ ਕਿਰਤ ਦੇ ਨਾਲ ਨਾਲ ਕੀਰਤਨ ਭੀ ਕਰਿਆ ਕਰਦੇ ਸਨ ਤੇ ਕੋਈ ਕੋਈ ਕੇਵਲ ਕੀਰਤਨ ਹੀ ਕਰਦੇ ਸਨ। ਜੈਸਾ ਕਿ ਪਿਤਾ ਜੀ ਦੇ ਪਿਤਾ ਸਾਡੇ ਬਾਬਾ ਜੀ ਭਾਈ ਦੇਵਾ ਸਿੰਘ ਜੀ ਤੇ ਉਨ੍ਹਾਂ ਦੇ ਵਡੇ ਬਜ਼ੁਰਗ ਪਿਤਾ ਭਾਈ ਟਹਿਲ ਸਿੰਘ ਜੀ ਸਿਰੰਦੇ ਵਜਾ ਕੇ ਕੀਰਤਨ ਕਰਿਆ ਕਰਦੇ ਸਨ ਤੇ ਆਪਣੀ ਕਿਰਤ ਭੀ ਕਰਿਆ ਕਰਦੇ ਸਨ। ਪਿਤਾ ਜੀ ਦੇ ਵੱਡੇ ਭਰਾਤਾ ਭਾਈ ਨਰੈਣ ਸਿੰਘ ਜੀ ( ਸ. ਹਰਦਿਆਲ ਸਿੰਘ ਜੀ ਆਈ. ਏ. ਐਸ. ਚੰਡੀਗੜ੍ਹ ਤੇ ਸਚਖੰਡ ਵਾਸੀ ਸ. ਹਰਦੀਪ ਸਿੰਘ ਜੀ ਪੀ. ਸੀ. ਐਸ ਦੇ ਬਾਬਾ ਜੀ) ਤਾਊਸ ਵਜਾਇਆ ਕਰਦੇ ਸਨ ਤੇ ਭਾਈ ਸਾਵਣ ਸਿੰਘ ਜੀ ਜੋੜੀ ਵਜਾਉਂਦੇ ਸਨ। ਨਗਰ ਸੈਦਪੁਰ ਉਸ ਰਸਤੇ ਉਪਰ ਹੈ ਜਿਸ ਰਸਤੇ ਪੁਰਾਣਿਆਂ ਵਕਤਾਂ ਵਿਚ ਮਾਲਵੇ ਤੇ ਦੁਆਬੇ ਦੀਆਂ ਸੰਗਤਾਂ, ਸਾਧੂ ਮਹਾਤਮਾ ਦੀਆਂ ਮੰਡਲੀਆਂ ਤੇ ਕਥਾ ਕੀਰਤਨ ਕਰਨ ਵਾਲੇ ਗੁਣੀ ਜਨ ਸ੍ਰੀ ਅੰਮ੍ਰਿਤਸਰ ਸਾਹਿਬ ਦੀਵਾਲੀ ਵਿਸਾਖੀ ਸਮੇਂ ਪੈਦਲ ਜਾਇਆ ਕਰਦੇ ਸਨ। ਸਾਡੇ ਬਾਬਾ ਦੇਵਾ ਸਿੰਘ ਜੀ ਆਪ ਗੁਣੀ ਤੇ ਗੁਣੀਆਂ ਦੇ ਕਦਰਦਾਨ ਸੀ। ਆਏ ਗਏ ਗੁਣੀ ਕੀਰਤਨੀਏ ਉਨ੍ਹਾਂ ਪਾਸ ਟਿਕਿਆ ਕਰਦੇ ਸਨ, ਉਨ੍ਹਾਂ ਵਿਚੋਂ ਇਕ ਬਜ਼ੁਰਗ ਬਾਬਾ ਸਰਧਾ ਸਿੰਘ ਜੀ, ਜੋ ਵਿਦਵਾਨ ਭੀ ਸਨ ਤੇ ਸੰਤ ਸੁਭਾਵ ਤੇ ਨੇਤਰਹੀਣ ਸਨ, ਉਨ੍ਹਾਂ ਨਾਲ ਬਾਬਾ ਦੇਵਾ ਸਿੰਘ ਜੀ ਧਰਮ ਭਰਾਵਾਂ ਦੀ ਤਰ੍ਹਾਂ ਪਿਆਰ ਕਰਿਆ ਕਰਦੇ ਸਨ। ਬਾਬਾ ਸਰਧਾ ਸਿੰਘ ਜੀ ਨੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਗਿਰਬੜੀ ਵਾਲੇ ਨਿਰਮਲੇ ਸੰਤਾਂ ਪਾਸੋਂ, ਜੋ ਕਿ ਬਹੁਤ ਗੁਣੀ ਸਨ, ਕੀਰਤਨ ਦੀ ਦਾਤ ਤੇ ਸਤਾਰ ਸਿਰੰਦਾ ਆਦਿਕ ਦੀ ਵਿਦਿਆ ਪ੍ਰਾਪਤ ਕੀਤੀ ਸੀ। ਬਾਪੂ ਜਵਾਲਾ ਸਿੰਘ ਜੀ ਬਾਕੀ ਭਰਾਵਾਂ ਤੋਂ ਛੋਟੇ ਸਨ ਤੇ ਉਨ੍ਹਾਂ ਦੀ ਤੀਖਸ਼ਣ ਬੁਧੀ ਤੇ ਬੜੀ ਸੁੰਦਰ ਭਰਵੀਂ ਆਵਾਜ ਤਕ ਕੇ ਬਾਬਾ ਦੇਵਾ ਸਿੰਘ ਜੀ ਦੇ ਮਨ ਵਿਚ ਉਨ੍ਹਾਂ ਨੂੰ ਚੋਟੀ ਦੇ ਵਿਦਵਾਨ ਕੀਰਤਨੀਏ ਬਣਾਉਣ ਦੀ ਇੱਛਾ ਪ੍ਰਬਲ ਹੋ ਗਈ ਤੇ ਉਨ੍ਹਾਂ ਦੇ ਪਿਤਾ ਜੀ ਨੂੰ ਆਪਣੀ ਵਿਦਿਆ ਦੇਣ ਦੇ ਨਾਲ ਹੀ ਬਾਬਾ ਸਰਧਾ ਸਿੰਘ ਜੀ ਦੇ ਸ਼ਗਿਰਦ ਬਣਾਇਆ ਤੇ ਆਪਣੀ ਇੱਛਾ ਭੀ ਉਨ੍ਹਾਂ ਪਾਸ ਪ੍ਰਗਟ ਕੀਤੀ। ਬਾਬਾ ਦੇਵਾ ਸਿੰਘ ਖੁਦ ਆਪਣੀ ਇੱਛਾ ਦੀ ਪੂਰਤੀ ਨਹੀਂ ਦੇਖ ਸਕੇ। ਜਲਦੀ ਅਕਾਲ ਚਲਾਣਾ ਕਰ ਗਏ ਤਾਂ ਉਨ੍ਹਾਂ ਦੀ ਇੱਛਾ ਨੂੰ ਉਨ੍ਹਾਂ ਦੇ ਧਰਮ ਭਰਾ ਬਾਬਾ ਸਰਧਾ ਸਿੰਘ ਜੀ ਨੇ ਪੂਰਿਆ ਕਰ ਦਿੱਤਾ। ਜੋ ਕੁਝ ਸ਼ਬਦ-ਰੀਤ ਦਾ ਭੰਡਾਰ ਉਨ੍ਹਾਂ ਪਾਸ ਸੀ ਉਹ ਸਿਖਾ ਕੇ ਫਿਰ ਪਿਤਾ ਜੀ ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਸ੍ਰੀ ਹਰਮੰਦਰ ਸਾਹਿਬ ਦੇ ਕੀਰਤਨੀਏ ਭਾਈ ਵਸਾਵਾ ਸਿੰਘ ਜੀ ਦੇ ਸ਼ਗਿਰਦ ਬਣਾਇਆ। ਬਾਬਾ ਵਸਾਵਾ ਸਿੰਘ ਜੀ ਦਾ ਦੂਜਾ ਨਾਮ ਅੰਮ੍ਰਿਤਸਰ ਵਿਚ ਬਾਬਾ ਰੰਗੀ ਰਾਮ ਸਿੰਘ ਜੀ ਕਰਕੇ ਪ੍ਰਸਿੱਧ ਸੀ। ਉਹ ਕੀਰਤਨ ਵਿਦਿਆ ਵਿਚ ਬਹੁਤ ਕਮਾਲੀਅਤ ਰਖਦੇ ਸਨ। ਉਨ੍ਹਾਂ ਦੇ ਦੋ ਉਸਤਾਦ ਸਨ ਇਕ ਬਾਬਾ ਪੁਸ਼ਕਰਾ ਸਿੰਘ ਜੀ ਬੀਨਕਾਰ ਮਹਾਰਾਜਾ ਪਟਿਆਲਾ ਦੇ ਦਰਬਾਰੀ, ਦੂਜੇ ਬਾਬਾ ਸੂਰ ਸਾਗਰ ਜੀ ਜੋ ਕਿ ਮਹਾਰਾਜਾ

ਰਣਜੀਤ ਸਿੰਘ ਦੇ ਵਕਤ ਚੌਂਕ ਪਰਾਗਦਾਸ ਅੰਮ੍ਰਿਤਸਰ ਵਿਚ ਉਦਾਸੀਆਂ ਦੀ ਸੰਪਰਦਾ ਦੇ ਰਾਗੀ ਸਨ। ਇਸ ਤਰ੍ਹਾਂ ਪਿਤਾ ਜੀ ਨੂੰ ਬਾਬਾ ਰੰਗੀ ਰਾਮ ਸਿੰਘ ਜੀ ਪਾਸੋਂ ਬਹੁਤ ਸ਼ਬਦ-ਰੀਤ ਭੰਡਾਰ ਪ੍ਰਾਪਤ ਹੋਇਆ। ਇਸ ਤਰ੍ਹਾਂ ਪਹਿਲਾਂ ਆਪਣੇ ਬੰਸ ਵਿਚੋਂ ਫਿਰ ਬਾਬਾ ਸਰਧਾ ਸਿੰਘ ਜੀ ਪਾਸੋਂ ਤੇ ਫਿਰ ਬਾਬਾ ਰੰਗੀ ਰਾਮ ਸਿੰਘ ਜੀ ਪਾਸੋਂ ਤਿੰਨਾਂ ਘ੍ਰਾਣਿਆਂ ਦੀ ਵਿਦਿਆ ਪ੍ਰਾਪਤ ਹੋਈ ਅਤੇ ਪਿਤਾ ਜੀ ਨੇ ਸਾਡੇ ਤੇ ਬਖ਼ਸ਼ਿਸ਼ ਕੀਤੀ। ਜਦੋਂ ਅਸੀਂ ਸਿਖਣ ਦੇ ਯੋਗ ਹੋਏ ਪਿਤਾ ਜੀ ਬਿਰਧ ਅਵਸਥਾ ਵਿਚ ਪਹੁੰਚ ਚੁੱਕੇ ਸਨ। ਫਿਰ ਭੀ ਉਨ੍ਹਾਂ ਨੇ ਪੁਰਾਣੀਆਂ ਰੀਤਾਂ ਦਾ ਬਹੁਤਾ ਭੰਡਾਰ ਆਪਣੇ ਯਾਦ ਖ਼ਜ਼ਾਨੇ ਵਿਚ ਸੰਭਾਲ ਕੇ ਰਖਿਆ ਹੋਇਆ ਸੀ ਪਰ ਕਦੇ ਕਈ ਚੀਜ਼ਾਂ, ਜੋ ਗੁਰਬਾਣੀ ਤੇ ਬਾਹਰ ਦੀਆਂ ਟੀਕੇ ਆਦਿ ਸਨ, ਤੇ ਭੁਲ ਜਾਣ ਦਾ ਭੀ ਉਹ ਪਛਤਾਵਾ ਕਰਿਆ ਕਰਦੇ ਸਨ।

ਪੂਜ ਪਿਤਾ ਜੀ ਦਾ ਕੀਰਤਨ ਸਿਖਾਲਣ ਦਾ ਢੰਗ ਬੜਾ ਵਿਲੱਖਣ ਸੀ। ਪਹਿਲੇ ਅਭਿਆਸ ਕਰਵਾਉਣਾ, ਸਰਗਮਾਂ ਆਦਿ ਦਸ ਕੇ, ਫਿਰ ਬਗੈਰ ਸਾਜ਼ ਤੋਂ ਹਥੀਂ ਤਾਰ ਲਵਾ ਕੇ ਰੀਤਾਂ ਸਿਖਲਾਂਦੇ ਸਨ। ਠਾਅ, ਦੁਗਣ, ਤਿਗਣ, ਆਡ ਕੁਆਡ ਸਭ ਲੈਆਂ, ਇਸੇ ਤਰ੍ਹਾਂ ਅਭਿਆਸ ਕਰਵਾਉਂਦੇ ਸਨ।

## ਸੰਗੀਤ ਲਿਖਣ ਦੀ ਪ੍ਰੇਰਣਾ ਕਿਵੇਂ ਹੋਈ

ਅਸੀਂ ਪਿਤਾ ਜੀ ਪਾਸੋਂ 1934-35 ਵਿਚ ਉਨ੍ਹਾਂ ਦੇ ਨਾਲ ਰਹਿ ਕੇ ਕੀਰਤਨ ਸਿਖਣਾ ਸ਼ੁਰੂ ਕੀਤਾ ਸੀ। ਪਿਤਾ ਜੀ ਦਾ ਸਾਰੇ ਹੀ ਹਿੰਦੁਸਤਾਨ ਵਿਚ ਬਹੁਤ ਆਉਣ-ਜਾਣ ਸੀ। ਤੇ ਸਾਲ ਵਿਚ ਕੀਰਤਨ ਦੋ ਤਿੰਨ ਵਾਰ ਪਿਤਾ ਜੀ ਦਿੱਲੀ ਵੀ ਆਇਆ ਕਰਦੇ ਸਨ। 5 ਜੰਤਰ ਮੰਤਰ ਰੋਡ ਵਿਚ ਰਾਇ ਬਹਾਦਰ ਵਿਸਾਖਾ ਸਿੰਘ ਜੀ ਨਾਲ ਉਨ੍ਹਾਂ ਦਾ ਅਤਿ ਪ੍ਰੇਮ ਸੀ। ਉਨ੍ਹਾਂ ਦੀ ਕੋਠੀ ਕਈ ਦਿਨ ਠਹਿਰਣਾ ਤੇ ਹਫਤਾ ਦੋ ਹਫਤੇ ਸ੍ਰੀ ਬੰਗਲਾ ਸਾਹਿਬ ਕੀਰਤਨ ਕਰਿਆ ਕਰਨਾ। ਗੁਰਦੁਆਰਾ ਸ੍ਰੀ ਰਕਾਬ ਗੰਜ ਸਾਹਿਬ ਖੁਲ੍ਹੇ ਗੁਰਮਤਿ ਵਿਦਿਆਲੇ ਦੇ ਮੁਖੀ ਸ੍ਰੀ ਮਾਨ ਗਿਆਨੀ ਹਰਦਿਤ ਸਿੰਘ ਜੀ ਸਨ, ਉਹ ਵਿਦਵਾਨ ਸਨ ਤੇ ਪੁਰਾਤਨ ਰੀਤਾਂ ਦਾ ਭੰਡਾਰ ਉਨ੍ਹਾਂ ਪਾਸ ਭੀ ਸੀ। ਉਨ੍ਹਾਂ ਦਾ ਪਿਤਾ ਜੀ ਨਾਲ ਭੀ ਬਹੁਤ ਪਿਆਰ ਸੀ। ਸਭ ਤੋਂ ਪਹਿਲਾਂ ਸਾਨੂੰ ਗਿਆਨੀ ਹਰਦਿਤ ਸਿੰਘ ਜੀ ਨੇ ਪ੍ਰੇਰਣਾ ਕੀਤੀ ਕਿ ਜੋ ਸ਼ਬਦ-ਰੀਤ ਸਿਖਦੇ ਹੋ ਨਾਲ ਨਾਲ ਇਸ ਦੀ ਨੁਟੇਸ਼ਨ ਭੀ ਕਰੀ ਚਲੋ। ਪਰ ਬਚਪਨ ਦੀ ਲਾਪਰਵਾਹੀ ਦੇ ਕਾਰਣ ਉਨ੍ਹਾਂ ਦੀ ਪ੍ਰੇਰਣਾ ਦਾ ਥੋੜ੍ਹਾ ਅਸਰ ਹੀ ਕਬੂਲਿਆ। ਫਿਰ ਵੀ ਕੁਝ ਰੀਤਾਂ ਦੀ ਲਿਸਟ ਬਣਾਈ ਜੋ ਕਿ ਹੁਣ ਸੰਗੀਤ ਲਿਖਣ ਵੇਲੇ ਬਹੁਤ ਲਾਭਦਾਇਕ ਸਾਬਤ ਹੋਈ ਤੇ ਨਾਲ ਹੀ ਉਸ ਵਕਤ ਦੀ ਲਾਪਰਵਾਹੀ ਦਾ ਪਛਤਾਵਾ ਭੀ ਹੋਇਆ। ਅਸੀਂ 1954 ਵਿਚ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਰਵਿਸ ਵਿਚ ਆਏ ਤੇ ਦਿੱਲੀ ਵਿਚ ਸਚਖੰਡ ਵਾਸੀ ਸ੍ਰੀਮਾਨ ਸ੍ਰ. ਗਿਆਨ ਸਿੰਘ ਜੀ, ਐਬਟਾਬਾਦ ਜਿਨ੍ਹਾਂ ਨੇ ਸੰਗੀਤ ਲਿਖਣ ਦੀ ਸੇਵਾ ਕਰਕੇ ਪੰਥ ਦੀ ਭਾਰੀ ਸੇਵਾ ਕੀਤੀ ਹੈ, ਨੇ ਬਹੁਤ ਪ੍ਰੇਰਣਾ ਕੀਤੀ ਤੇ ਇਸ ਕਾਰਜ ਲਈ ਵੱਧ ਤੋਂ ਵੱਧ ਮਾਇਕ ਸਹਾਇਤਾ ਦੇਣ ਦੇ ਇਕਰਾਰ ਭੀ ਕੀਤੇ ਪਰ ਇਥੇ ਸਰਵਿਸ ਵਿਚ ਡਿਊਟੀਆਂ ਦੇ ਰੁਝੇਵੇਂ ਤੇ ਘਰੋਗੀ ਜ਼ਿੰਮੇਵਾਰੀਆਂ ਕਰਕੇ ਸ੍ਰ. ਗਿਆਨ ਸਿੰਘ ਜੀ ਦੇ ਜੀਵਨ ਵਿਚ ਅਸੀਂ ਇਹ ਕਾਰਜ ਸੰਪੂਰਨ ਨਹੀਂ ਕਰ ਸਕੇ।

ਜੋ ਕੁਝ ਰੀਤਾਂ ਦੀ ਅਸੀਂ ਨੁਟੇਸ਼ਨ ਕੀਤੀ ਸੀ, ਉਹ ਅਸੀਂ ਇਕ ਵੇਰ ਸ੍ਰੀਮਾਨ ਪ੍ਰਮ ਪੂਜਨੀਕ ਮਹਾਰਾਜ ਬਾਬਾ ਪ੍ਰਤਾਪ ਸਿੰਘ ਜੀ (ਮੁੱਖੀ ਨਾਮਧਾਰੀ ਸੰਪਰਦਾਇ) ਨੂੰ ਵਿਖਾਈ। ਇਹ ਦਿੱਲੀ ਵਿਚ ਕਰੋਲ ਬਾਗ ਵਿਖੇ ਭਗਤ ਜਸਵੰਤ ਸਿੰਘ ਜੀ ਦੇ ਭੋਗ ਤੇ ਆਏ ਸਨ। ਉਸ ਸਮੇਂ ਦੋ ਪੜਤਾਲਾਂ ਭੀ ਉਨ੍ਹਾਂ ਨੂੰ ਸੁਣਾਈਆਂ। ਉਨ੍ਹਾਂ ਹੁਕਮ ਕੀਤਾ ਕਿ ਇਹ ਸਾਨੂੰ ਦੇ ਦਿਓ, ਅਸੀਂ ਛਪਵਾ ਦਿੰਦੇ ਹਾਂ, ਬਾਕੀ ਹੋਰ ਰੀਤਾਂ ਦੀ ਵੀ ਨੁਟੇਸ਼ਨ ਕਰੋ ਫਿਰ ਛਪਵਾ ਦੇਵਾਂਗੇ। ਅਸੀਂ ਬੇਨਤੀ ਕੀਤੀ ਕਿ ਸਾਰੀਆਂ ਰੀਤਾਂ ਤਰਤੀਬ ਵਾਰ ਲਿਖ ਕੇ ਫਿਰ ਆਪ ਜੀ ਨੂੰ ਖੇਚਲ ਦਿਆਂਗੇ। ਉਸ ਤੋਂ ਪਿਛੋਂ ਸ੍ਰ. ਬਾਬੂ ਸਿੰਘ ਜੀ ਰਾਮਗੜ੍ਹ ਜ਼ਿਲ੍ਹਾ ਫਿਰੋਜ਼ਪੁਰ ਵਾਲਿਆਂ ਨੇ ਸਵਰਗਵਾਸੀ ਸਰਦਾਰ ਪ੍ਰਤਾਪ ਸਿੰਘ ਕੈਰੋਂ ਨੂੰ ਦੱਸਿਆ ਕਿ ਭਾਈ ਸਾਹਿਬ ਜਵਾਲਾ ਸਿੰਘ ਜੀ ਦੇ ਦੋ ਲੜਕੇ ਪੁਰਾਤਨ ਰੀਤਾਂ ਦੀ ਨੁਟੇਸ਼ਨ ਕਰ ਰਹੇ ਹਨ। ਉਨ੍ਹਾਂ ਨੇ ਵੀ ਇਹੋ ਅੱਖਰ ਵਰਤੇ ਕਿ ਇਹ ਲਿਖਣ ਦਾ ਕੰਮ ਛੇਤੀ ਛੇਤੀ ਕਰਨ, ਇਹ ਪੁਸਤਕ ਅਸੀਂ ਛਾਪਾਂਗੇ।

ਸੰਗਤਾਂ ਦੀ ਸਸਤੀ ਜਿਹੀ ਰੁਚੀ ਅਨੁਭਵ ਕਰਕੇ ਸਿੱਧੀਆਂ ਸਾਦੀਆਂ ਤਰਜ਼ਾਂ, ਜਿਨ੍ਹਾਂ ਨਾਲ ਸੰਗਤਾਂ ਖੁਦ ਬੋਲ ਸਕਣ, ਵਿਚ ਕੀਰਤਣ ਕਰਨ ਵਾਲਿਆਂ ਦੀ ਕਦਰ ਹੁੰਦੀ ਵੇਖ ਕੇ ਅਸੀਂ ਕੁਝ ਸਮਾਂ ਇਨ੍ਹਾਂ ਪੁਰਾਤਨ ਰੀਤਾਂ ਨੂੰ ਦਿਮਾਗ ਤੇ ਬੋਲੜਾ ਜਿਹਾ ਬੋਝ ਮਹਿਸੂਸ ਕਰਨ ਲੱਗ ਪਏ ਸੀ। ਉਸ ਵਕਤ ਗੁਰਦੁਵਾਰਾ ਸੀਸ ਗੰਜ ਸਾਹਿਬ ਦਿੱਲੀ

ਦੇ ਹੈੱਡ ਗ੍ਰੰਥੀ ਬੜੇ ਵਿਦਵਾਨ ਪੁਰਸ਼ ਗਿਆਨੀ ਗੁਰਦੀਪ ਸਿੰਘ ਜੀ ਸਨ। ਉਨ੍ਹਾਂ ਨੇ ਕੁਝ ਸ਼ਬਦ ਰੀਤਾਂ ਸਾਡੇ ਪਿਤਾ ਜੀ ਪਾਸੋਂ ਭੀ ਸਿਖੀਆਂ ਸਨ। ਗੁਰਮਤਿ ਵਿਦਿਆ ਉਨ੍ਹਾਂ ਨੇ ਭਿੰਡਰਾਂ ਵਾਲੇ ਮਹਾਂਪੁਰਸ਼ਾਂ ਪਾਸੋਂ ਪ੍ਰਾਪਤ ਕੀਤੀ ਸੀ। ਦਿੱਲੀ ਤੋਂ ਬਾਅਦ ਉਨ੍ਹਾਂ ਨੇ ਕੁਝ ਵਰ੍ਹੇ ਗੁਰਦਵਾਰਾ ਸਾਊਥਹਾਲ ਲੰਦਨ ਵਿਦ ਹੈੱਡ ਗ੍ਰੰਥੀ ਦੀ ਸੇਵਾ ਕੀਤੀ ਤੇ ਅੱਜ ਕਲ ਉਹ ਨਿਊਯਾਰਕ ਅਮਰੀਕਾ ਵਿਚ ਗੁਰਮਤਿ ਪ੍ਰਚਾਰ ਦੀ ਸੇਵਾ ਕਰ ਰਹੇ ਹਨ। ਉਹ ਪੁਰਾਤਨ ਰੀਤਾਂ ਦੇ ਸਰੋਤੇ ਤੇ ਕਦਰਦਾਨ ਸਨ। ਉਨ੍ਹਾਂ ਵੱਲੋਂ ਭੀ ਇਨ੍ਹਾਂ ਪੁਰਾਤਨ ਰੀਤਾਂ ਨੂੰ ਸੰਭਾਲਣ ਦੀ ਪ੍ਰੇਰਣਾ ਹੁੰਦੀ ਰਹੀ। ਕਈ ਵਾਰ ਖਿਆਲ ਆਉਂਦੇ ਸੀ ਕਿ ਸ੍ਰ. ਗਿਆਨ ਸਿੰਘ ਜੀ ਖ਼ੁਦ ਬਹੁਤ ਅਮੀਰ ਹਨ। ਉਨ੍ਹਾਂ ਨੂੰ ਕੀਰਤਨ ਕਰਕੇ ਟੱਬਰ ਪਾਲਣਾ ਨਹੀਂ ਪੈਂਦਾ। ਇਸ ਲਈ ਉਨ੍ਹਾਂ ਨੂੰ ਸਾਡੀਆਂ ਮਜ਼ਬੂਰੀਆਂ ਦਾ ਪਤਾ ਨਹੀਂ। ਪਰ ਫਿਰ ਭੀ ਇਨ੍ਹਾਂ ਸਾਰੇ ਬਜ਼ੁਰਗਾਂ ਤੇ ਮਿੱਤਰਾਂ ਦੀ ਪ੍ਰੇਰਣਾ ਦਾ ਡੂੰਘਾ ਅਸਰ ਜ਼ਰੂਰ ਹੋਇਆ। ਪਰ ਇਸ ਕਾਰਜ ਦੀ ਰਫਤਾਰ ਬਹੁਤ ਹੀ ਮੱਧਮ ਰਹੀ ਸੀ। 1960 ਤੱਕ ਤਾਂ ਅਸੀਂ ਕਿਸੇ ਸਜਣ ਨੂੰ ਇਹ ਸ਼ਬਦ ਰੀਤਾਂ ਅਥਵਾ ਕੀਰਤਨ ਟੇਪ ਕਰਨ ਦੀ ਆਗਿਆ ਭੀ ਨਹੀਂ ਸਾਂ ਦਿੰਦੇ ਪਰ ਜਲਦੀ ਹੀ ਸਤਿਗੁਰੂ ਨੇ ਸਾਡਾ ਇਹ ਅਗਿਆਨ ਦਾ ਅੰਧੇਰਾ ਦੂਰ ਕਰ ਦਿੱਤਾ ਤੇ ਅਸੀਂ ਮਹਿਸੂਸ ਕਰਨ ਲੱਗ ਪਏ ਕਿ ਇਹ ਦਾਤ ਸਤਿਗੁਰੂ ਜੀ ਦੀ ਬਖ਼ਸ਼ਿਸ਼ ਹੈ ਇਸ ਤੇ ਸਾਡਾ ਕੋਈ ਮਾਲਕੀ ਦਾ ਹੱਕ ਨਹੀਂ। ਗੁਰੂ ਸੰਗਤਾਂ ਦੀ ਵਸਤੂ ਹੈ। ਅਸੀਂ ਤਾਂ ਪਿਤਾ ਜੀ ਦੇ ਅੰਤ ਸਮੇਂ ਦਿੱਤੇ ਉਪਦੇਸ਼ ਕਿ 'ਕੀਰਤਨ ਨੂੰ ਇਸ਼ਟ ਸਮਝ ਕੇ ਕਰਨਾ' ਨੂੰ ਪ੍ਰਵਾਨ ਕਰਕੇ ਸਤਿਗੁਰੂ ਦੀ ਮਿਹਰ ਨਾਲ ਲੋਕ ਪ੍ਰਲੋਕ ਸਵਾਰ ਸਕਦੇ ਹਾਂ। ਇਸ ਖਿਆਲ ਨਾਲ ਉਸ ਤੋਂ ਬਾਅਦ ਕਿਸੇ ਭੀ ਸਜਣ ਨੂੰ ਟੇਪ ਕਰਨ ਤੋਂ ਨਹੀਂ ਰੋਕਿਆ। ਇੰਗਲੈਂਡ, ਅਮਰੀਕਾ, ਕੈਨੇਡਾ ਵਿਚ ਬਹੁਤੇ ਘਰਾਂ ਵਿਚ ਇਨ੍ਹਾਂ ਪੁਰਾਤਨ ਰੀਤਾਂ ਦੀਆਂ ਟੇਪਾਂ, ਜੋ ਸਾਡੇ ਇੰਗਲੈਂਡ ਦੇ ਟੂਰ ਵਿਚ ਟੇਪ ਕੀਤੀਆਂ ਗਈਆਂ ਮੌਜੂਦ ਹਨ। ਬਹੁਤ ਸਾਰੇ ਵਿਦਵਾਨ ਬਜ਼ੁਰਗ ਕੀਰਤਨੀਆਂ ਦੇ ਅਕਾਲ ਚਲਾਣਾ ਕਰ ਜਾਣ ਨਾਲ ਭੀ ਮਨ ਟੁੰਬਿਆ ਗਿਆ ਕਿ ਇਹ ਪੁਰਾਤਨ ਰੀਤਾਂ ਦਿਮਾਗ਼ ਤੇ ਵਾਧੂ ਭਾਰ ਨਹੀਂ। ਇਹ ਅਮੋਲਿਕ ਵਸਤੂ ਹੈ ਤੇ ਸਾਡੇ ਨਾਲ ਹੀ ਇਹ ਭੀ ਗੁੰਮ ਹੋ ਜਾਵੇਗੀ। ਇਸ ਲਈ ਇਸ ਦੀ ਸੰਭਾਲ ਕਰਨੀ ਜਰੂਰੀ ਹੈ। ਖ਼ਾਨਦਾਨੀ ਫ਼ਿਤਰਤ ਤੇ ਉਪਦੇਸ਼, ਗੁਰਮੁਖਾਂ ਦੀ ਪ੍ਰੇਰਣਾ ਤੇ ਕੁਝ ਕੀਰਤਨੀਆਂ ਦੇ ਸਦੀਵੀ ਵਿਛੋੜੇ, ਇਹ ਸਾਰੀਆਂ ਚੀਜ਼ਾਂ ਕਰਕੇ, ਸੰਗੀਤ ਲਿਖਣ ਦੀ ਇੱਛਾ ਦਿਨ-ਬਦਿਨ ਵੱਧਦੀ ਗਈ। ਸਤਿਗੁਰੂ ਜੀ ਦੀ ਪ੍ਰੇਰਣਾ ਨਾਲ ਹੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਦੀ ਸਥਾਪਨਾ ਹੋਈ ਤੇ ਉਸ ਦੇ ਮੁਖੀ ਬਹੁਤ ਖੋਜੀ ਪੁਰਸ਼ ਸੀ, ਜੋ ਕਿ ਬਾਕੀ ਗੁਰਮਤਿ ਦੀ ਖੋਜ ਤੇ ਹੋਰ ਧਰਮਾਂ ਦੀ ਖੋਜ ਤੋਂ ਇਲਾਵਾ ਕੀਰਤਨ ਦੇ ਭੀ ਬਹੁਤ ਸੂਝਵਾਨ ਸਰੋਤੇ ਹਨ, ਸ੍ਰੀਮਾਨ ਡਾਕਟਰ ਤਾਰਨ ਸਿੰਘ ਜੀ ਥਾਪੇ ਗਏ।ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਬਹੁਤ ਸਾਰੇ ਵਿਦਵਾਨਾਂ, ਪੁਰਾਤਨ ਕੀਰਤਨੀਆਂ ਤੇ ਰਬਾਬੀਆਂ ਪਾਸੋਂ ਪੁਰਾਤਨ ਰੀਤਾਂ ਟੇਪ ਕੀਤੀਆਂ।ਸਾਡੀ ਬਾਬਤ ਪ੍ਰਮ ਪੂਜਨੀਕ ਸਚਖੰਡ ਵਾਸੀ ਭਾਈ ਸਾਹਿਬ ਭਾਈ ਸਮੁੰਦ ਸਿੰਘ ਜੀ ਰਾਗੀ ਨੇ ਹਿਜ਼-ਹੋਲੀਨੈਸ ਭਾਈ ਸਾਹਿਬ ਭਾਈ ਸਾਹਿਬ ਭਾਈ ਅਰਦਮਨ ਸਿੰਘ ਜੀ ਰਈਸ ਆਫ ਬਾਗੜੀਆਂ ਜੀ ਨੂੰ ਤੇ ਸ੍ਰੀਮਾਨ ਡਾਕਟਰ ਤਾਰਨ ਸਿੰਘ ਜੀ ਨੂੰ ਦੱਸ ਪਾਈ। ਭਾਈ ਸਾਹਿਬ ਜੀ ਦੇ ਪੂਜ ਪਿਤਾ ਹਿਜ਼ਹੋਲੀਨੈਸ ਭਾਈ ਸਾਹਿਬ ਭਾਈ ਅਰਜਨ ਸਿੰਘ ਜੀ ਦੇ ਵਕਤ ਭਾਵੇਂ ਸਾਡੇ ਪਿਤਾ ਜੀ ਦੀ ਵਿਦਿਆ ਬਾਰੇ ਉਹ ਚੰਗੀ ਤਰ੍ਹਾਂ ਜਾਣਦੇ ਸਨ ਪਰ ਭਾਈ ਸਮੁੰਦ ਸਿੰਘ ਜੀ ਦੇ ਦਸਣ ਨਾਲ ਭਾਈ ਸਾਹਿਬ ਭਾਈ ਅਰਦਮਨ ਸਿੰਘ ਜੀ ਨੂੰ ਸਾਡੇ ਬਾਰੇ ਭੁਲੀਆ ਵਿਸਰੀਆਂ ਯਾਦਾਂ ਫਿਰ ਤਾਜ਼ਾ ਹੋ ਗਈਆਂ। ਕਿਉਂਕਿ ਭਾਈ ਸਮੁੰਦ ਸਿੰਘ ਸਾਹਿਬ ਦਿੱਲੀ ਗੁਰਦੁਆਰਾ ਕਮੇਟੀ ਦੇ ਸੱਦੇ ਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਗੁਰਪੁਰਬ ਤੇ ਹਰ ਸਾਲ ਆਇਆ ਕਰਦੇ ਸਨ, ਤੇ ਕੀਰਤਨ ਦਰਬਾਰਾਂ ਵਿਚ ਸਾਡੇ ਪਾਸੋਂ ਪੁਰਾਤਨ ਰੀਤਾਂ ਸੁਣ ਕੇ ਬੜੀ ਵਿਸ਼ਾਲ ਦਿੱਲੀ ਨਾਲ ਸਾਡੀ ਪ੍ਰਸੰਸਾ ਕਰਕੇ ਸਾਡੇ ਹੌਂਸਲੇ ਵਧਾਇਆ ਕਰਦੇ ਸੀ। ਇਸ ਤਰ੍ਹਾਂ ਨਾਲ ਭਾਈ ਸਾਹਿਬ ਜੀ ਨੇ ਬਾਗੜੀਆਂ ਇਕ ਵਾਰੀ ਸਾਨੂੰ ਬੁਲਾ ਕੇ ਅਤੇ ਦਿੱਲੀ ਆਪਣੇ ਜੁਆਈ ਸ੍ਰ. ਦਰਸ਼ਨ ਸਿੰਘ ਜੀ ਚਾਵਲਾ ਤੇ ਸ੍ਰ. ਰਾਮ ਸਿੰਘ ਜੀ ਐਮ. ਪੀ. ਦੀਆਂ ਕੋਠੀਆਂ ਵਿਚ ਕਈ ਵਾਰੀ ਸਾਨੂੰ ਬੁਲਾ ਕੇ ਪੁਰਾਤਨ ਰੀਤਾਂ ਟੇਪ ਕੀਤੀਆਂ ਤੇ ਉਨ੍ਹਾਂ ਨੇ ਭੀ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੂੰ ਸਾਡੀ ਬਾਬਤ ਤੇ ਬਾਪੂ ਜੀ ਦੇ ਬਾਰੇ ਵਾਕਫੀਅਤ ਦੱਸਣ ਦੀ ਬਹੁਤ ਕਿਰਪਾ ਕੀਤੀ। ਸਭ ਤੋਂ ਪਹਿਲੇ 1970-71 ਵਿਚ ਸਾਨੂੰ ਪਟਿਆਲੇ ਬੁਲਾਇਆ ਗਿਆ ਤੇ ਕੁਝ ਰੀਤਾਂ ਟੇਪ ਕੀਤੀਆਂ ਗਈਆਂ। ਫਿਰ ਅਸੀਂ 1971 ਦੇ ਜੂਨ ਵਿਚ ਇੰਗਲੈਂਡ ਇਕ ਸਾਲ ਲਈ ਚਲੇ ਗਏ। ਵਾਪਸੀ ਤੇ ਫਿਰ ਪਟਿਆਲੇ ਬੁਲਾਇਆ ਤੇ ਕੁਝ ਰੀਤਾਂ ਸੁਣੀਆਂ ਤੇ ਟੇਪ ਕੀਤੀਆਂ। ਇਸ ਵਾਰੀ ਪਹਿਲੇ ਵਾਈਸ-ਚਾਂਸਲਰ ਸਾਹਿਬ

ਸ੍ਰ. ਕਿਰਪਾਲ ਸਿੰਘ ਜੀ ਨਾਰੰਗ ਤੇ ਇਸ ਕਾਰਜ ਲਈ ਥਾਪੀ ਹੋਈ ਕਮੇਟੀ ਦੇ ਸਤਿਕਾਰਯੋਗ ਸਾਰੇ ਮੈਂਬਰਾਂ ਨੇ ਪੁਰਾਤਨ ਰੀਤਾਂ ਸਰਵਨ ਕੀਤੀਆਂ ਤੇ ਫਿਰ ਫ਼ੈਸਲਾ ਕਰਕੇ ਸਾਨੂੰ ਇਹ ਸਾਰੀਆਂ ਰੀਤਾਂ ਦੀ ਟੇਪ ਤੇ ਨੁਟੇਸ਼ਨ ਕਰਨ ਲਈ ਹੁਕਮ ਕਰ ਦਿੱਤਾ। ਸਾਨੂੰ ਇਹ ਕਾਰਜ ਪਹਾੜ ਚੁਕਣ ਵਰਗਾ ਵੱਡਾ ਭਾਰਾ ਤੇ ਔਖਾ ਪ੍ਰਤੀਤ ਹੁੰਦਾ ਸੀ। ਸਾਡੇ ਪ੍ਰੇਮ ਪੂਜਨੀਕ ਭਾਈ ਸਾਹਿਬ ਭਾਈ ਅਰਦਮਨ ਸਿੰਘ ਜੀ ਬਹੁਤ ਹੌਂਸਲਾ ਵਧਾ ਕੇ ਪ੍ਰੇਰਣਾ ਕਰਦੇ ਰਹੇ। ਅੰਤ ਅਸਾਂ ਉਨਾਂ ਦੀ ਸੇਵਾ ਵਿਚ ਬੇਨਤੀ ਕੀਤੀ ਕਿ ਆਪ ਅਰਦਾਸ ਕਰੋ ਤੇ ਸਾਨੂੰ ਅਸੀਸ ਦੇਵੋ। ਉਨ੍ਹਾਂ ਨੇ ਸਾਡੀ ਬੇਨਤੀ ਪ੍ਰਵਾਨ ਕਰਦਿਆਂ ਹੋਇਆਂ ਦਿੱਲੀ ਆ ਕੇ 29-11-1973 ਨੂੰ ਅਰਦਾਸ ਕੀਤੀ ਤੇ ਸੇਵਕਾਂ ਨੇ ਇਹ ਕਾਰਜ ਆਰੰਭ ਦਿੱਤਾ। ਲਗਭਗ ਅੱਧਾ ਕੰਮ ਦਿੱਲੀ ਕੀਤਾ ਤੇ ਅੱਧਾ ਕੰਮ 1975-76 ਵਿਚ ਇੰਗਲੈਂਡ ਦੀ ਯਾਤਰਾ ਸਮੇਂ ਉਥੇ ਕੀਤਾ। ਨੁਟੇਸ਼ਨ ਤੇ ਟੇਪਾਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੂੰ ਭੇਜਦੇ ਰਹੇ ਤੇ ਜੂਨ 1976 ਤਕ ਸ੍ਰੀ ਗੁਰੁ ਗ੍ਰੰਥ ਸਾਹਿਬ ਦੇ ਰਾਗਾਂ ਵਿਚ ਸਾਰੀਆਂ ਪੁਰਾਤਨ ਸ਼ਬਦ੍ਰੀਤਾਂ ਦੀ ਟੇਪ ਤੇ ਨੁਟੇਸ਼ਨ ਦਾ ਕਾਰਜ ਸੰਪੂਰਨ ਹੋਇਆ। ਕਾਰਜ ਦੀ ਸੰਪੂਰਨਤਾ ਤੇ ਦਿਲ੍ਦਿਮਾਗ ਤੇ ਪਿਆ ਬੋਝ ਉਤਰ ਗਿਆ। ਭਾਵੇਂ ਸਿੱਖ ਪੰਥ ਵਿਚ ਹੋਰ ਭੀ ਬਹੁਤ ਸਾਰੇ ਵਿਦਵਾਨ ਪੁਰਾਤਨ ਕੀਰਤਨੀਏ ਹਨ ਪਰ ਜੋ ਸਾਡੇ ਪਾਸ ਸ਼ਬਦ ਰੀਤ ਦਾ ਖ਼ਜ਼ਾਨਾ ਸੀ, ਉਸ ਦੀ ਸੰਭਾਲ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਉੱਦਮ ਦਾ ਸਦਕਾ ਪੱਕੀ ਤੇ ਸੰਪੂਰਨ ਹੋਈ ਹੈ। ਇਸ ਲਈ ਅਸੀਂ ਸਤਿਗੁਰੂ ਸੱਚੇ ਪਾਤਸ਼ਾਹ ਦੇ ਰੋਮ ਰੋਮ ਤੋਂ ਸ਼ੁਕਰ ਗੁਜ਼ਾਰ ਹਾਂ ਕਿ ਸਾਡੀ ਵੰਸ਼ ਵਿਚ ਆਈ ਇਹ ਵਿਦਿਆ ਗੁਰੁ ਪੰਥ ਦੀ ਬਖ਼ਸ਼ਿਸ਼ ਸੀ ਤੇ ਅਸਾਡੇ ਪਾਸੋਂ ਇਹ ਭੰਡਾਰ ਗੁਰੂ ਪੰਥ ਦੀ ਸੇਵਾ ਵਿਚ ਭੇਟਾ ਕਰਨ ਦੀ ਸੇਵਾ ਸਤਿਗੁਰੂ ਨੇ ਸੰਪੂਰਨ ਕਰਵਾ ਦਿੱਤੀ ਹੈ।

**ਧੰਨਵਾਦ**

ਅਸੀਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਸਾਬਕਾ ਵਾਈਸ-ਚਾਂਸਲਰ ਸ੍ਰੀਮਾਨ ਸ਼੍ਰ ਕਿਰਪਾਲ ਸਿੰਘ ਜੀ ਨਾਰੰਗ ਦੇ ਬਹੁਤ ਧੰਨਵਾਦੀ ਹਾਂ ਜਿਨ੍ਹਾਂ ਨੂੰ ਪੁਰਾਤਨ ਰੀਤਾਂ ਦੀ ਸੰਭਾਲ ਦੀ ਬਹੁਤ ਤੀਬਰ ਇੱਛਾ ਸੀ ਤੇ ਉਨ੍ਹਾਂ ਤੋਂ ਬਾਅਸ ਦੇ ਵਾਈਸ੍ਚਾਂਸਲਰ ਸਾਹਿਬਾ ਸ੍ਰੀਮਤੀ ਇੰਦਰਜੀਤ ਕੌਰ ਜੀ ਸੰਧੂ ਦੇ ਬਹੁਤ ਧੰਨਵਾਦੀ ਹਾਂ ਜਿਨ੍ਹਾਂ ਨੇ ਕਿ ਉਸੇ ਲਗਨ, ਉਤਸ਼ਾਹ ਅਤੇ ਖੁਲ੍ਹਦਿਲੀ ਨਾਲ ਇਸ ਕਾਰਜ ਨੂੰ ਸਿਰੇ ਚਾੜ੍ਹਨ ਦੀ ਕੋਸ਼ਿਸ਼ ਜਾਰੀ ਰੱਖੀ। ਹੁਣ ਦੇ ਵਾਈਸ-ਚਾਂਸਲਰ ਸਾਹਿਬ ਸ੍ਰੀ ਮਾਨ ਡਾਕਟਰ ਅਮਰੀਕ ਸਿੰਘ ਜੀ ਦੇ ਭੀ ਅਸੀਂ ਅਤਿ ਧੰਨਵਾਦੀ ਹਾਂ ਜਿਨ੍ਹਾਂ ਨੇ ਉਚੇਚਾ ਧਿਆਨ ਦੇ ਕੇ ਇਸ ਕਾਰਜ ਨੂੰ ਸੰਪੂਰਨ ਕਰਵਾਇਆ ਹੈ।

ਮਹਾਨ ਵਿਦਵਾਨ ਸ੍ਰੀਮਾਨ ਡਾਕਟਰ ਤਾਰਨ ਸਿੰਘ ਜੀ ਮੁੱਖੀ ਸ੍ਰੀ ਗੁਰੁ ਗ੍ਰੰਥ ਸਾਹਿਬ ਅਧਿਐਨ ਵਿਭਾਗ ਦੇ ਬਹੁਤ ਧੰਨਵਾਦੀ ਹਾਂ, ਜਿਨ੍ਹਾਂ ਨੇ ਇਸ ਕਾਰਜ ਲਈ ਸਿਰਤੋੜ ਯਤਨ ਕੀਤਾ ਤੇ ਲਿਖਤੀ ਤੌਰ ਅਤੇ ਜ਼ਬਾਨੀ ਭੀ ਸਾਨੂੰ ਕਾਰਜ ਜਲਦੀ ਸੰਪੂਰਨ ਕਰਨ ਦੀ ਪ੍ਰੇਰਣਾ ਕੀਤੀ ਤੇ ਕਾਫੀ ਉਤਸ਼ਾਹ ਦਿੱਤਾ। ਇਸ ਵਿਭਾਗ ਦੇ ਸ੍ਰੀਮਾਨ ਸ੍ਰ. ਬਲਕਾਰ ਸਿੰਘ ਜੀ ਰੀਸਰਚ ਫੈਲੋ ਅਤੇ ਸ੍ਰੀਮਾਨ ਸ੍ਰ. ਹਿੰਮਤ ਸਿੰਘ ਦੀ ਜੂਨੀਅਰ ਰੀਸਰਚ ਫੈਲੋ ਦੇ ਭੀ ਬਹੁਤ ਧੰਨਵਾਦੀ ਹਾਂ।

ਪ੍ਰਕਾਸ਼ਨ ਅਤੇ ਵਿਕਰੀ ਵਿਭਾਗ ਦੇ ਆਫੀਸਰ ਸ੍ਰੀਮਾਨ ਸ੍ਰ. ਹਜ਼ਾਰਾ ਸਿੰਘ ਜੀ ਦੇ ਅਤਿ ਧੰਨਵਾਦੀ ਹਾਂ ਜਿਨ੍ਹਾਂ ਨੇ ਛਪਵਾਈ ਦੇ ਸਮੇਂ ਆਈਆਂ ਕਈ ਅੜਚਨਾਂ ਨੂੰ ਕਾਫੀ ਕੋਸ਼ਿਸ਼ਾਂ ਕਰਕੇ ਬੜੇ ਸੁਯੋਗ ਤਰੀਕੇ ਨਾਲ ਦੂਰ ਕੀਤਾ ਅਤੇ ਪਰੂਫ ਰੀਡਰ ਸ੍ਰੀਮਾਨ ਸ੍ਰ. ਗੁਰਚਰਨ ਸਿੰਘ ਜੀ ਜਿਨ੍ਹਾਂ ਨੇ ਪਰੂਫ ਵੇਖਣ ਤੇ ਬਹੁਤ ਮਿਹਨਤ ਕੀਤੀ ਹੈ, ਉਨ੍ਹਾਂ ਦੇ ਭੀ ਅਤਿ ਧੰਨਵਾਦੀ ਹਾਂ। ਹੋਰ ਪੁਸਤਕਾਂ ਨਾਲੋਂ ਸੰਗੀਤ ਛਾਪਣ ਲਈ ਪ੍ਰੈਸ ਵਾਲਿਆਂ ਨੂੰ ਸਵਰ ਲਿਪੀਆਂ ਦੇ ਚਿੰਨ੍ਹਾਂ ਲਈ ਵਿਸ਼ੇਸ਼ ਪ੍ਰਬੰਧ ਕਰਨਾ ਪੈਂਦਾ ਹੈ। ਇਸ ਲਈ ਆਧੁਨਿਕ ਪ੍ਰੈੱਸ ਦੇ ਮਾਲਕ ਸ੍ਰੀ ਤੇਜਿੰਦਰ ਕਪੂਰ ਜੀ ਦੇ ਬਹੁਤ ਧੰਨਵਾਦੀ ਹਾਂ ਜਿਨ੍ਹਾਂ ਨੇ ਇਹ ਸਾਰਾ ਵਿਸ਼ੇਸ਼ ਪ੍ਰਬੰਧ ਕੀਤਾ।

ਪ੍ਰਮ ਪਵਿੱਤਰ ਆਤਮਾ ਹਿਜ਼੍ਹੋਲੀਨੈਸ ਭਾਈ ਸਾਹਿਬ ਭਾਈ ਅਰਦਮਨ ਸਿੰਘ ਜੀ ਰਈਸ ਆਫ ਬਾਗੜੀਆਂ ਜੀ ਦੇ ਤਾਂ ਅਸੀਂ ਬਹੁਤ ਹੀ ਰਿਣੀ ਹਾਂ ਜਿਨ੍ਹਾਂ ਦੀ ਕਿਰਪਾ ਦ੍ਰਿਸ਼ਟੀ, ਅਰਦਾਸ ਤੇ ਅਸੀਸਾਂ ਸਦਕਾ ਅਸੀਂ ਇਹ ਕਾਰਜ ਕਰ ਸਕੇ ਹਾਂ ਪਰ ਭਾਈ ਸਾਹਿਬ ਜੀ ਦੇ ਅਕਾਲ ਚਲਾਣੇ ਨਾਲ ਮਨਾਂ ਨੂੰ ਬਹੁਤ ਸਦਮਾ ਪੁਜਾ ਹੈ

ਕਿ ਇਹ ਪੁਸਤਕ ਛਪਣ ਤੋਂ ਪਹਿਲਾਂ ਹੀ 'ਸੂਰਜ ਕਿਰਨ ਮਿਲੇ ਜਲ ਕਾ ਜਲ ਹੂਆ ਰਾਮ॥ ਜੋਤੀ ਜੋਤ ਰਲੀ ਸੰਪੂਰਨ ਥੀਆ ਰਾਮ॥' ਦੇ ਮਹਾਂਵਾਕ ਅਨੁਸਾਰ ਸਚਖੰਡ ਨਿਰੰਕਾਰ ਜੀਦੇ ਚਰਨਾਂ ਵਿਚ ਜਾ ਬਿਰਾਜੇ ਹਨ। ਜਿਵੇਂ ਰਜ਼ਾ। ਸਚਖੰਡ ਵਾਸੀ ਭਾਈ ਸਾਹਿਬ ਭਾਈ ਸਮੁੰਦ ਸਿੰਘ ਜੀ ਰਾਗੀ ਨੇ ਪੁਰਾਤਨ ਸ਼ਬਦ ਰੀਤਾਂ ਬਾਰੇ ਸਾਡੀ ਬਾਬਤ ਦੱਸ ਪਾਉਣ ਦੀ ਜੋ ਵਿਸ਼ਾਲ੍ ਦਿਲੀ ਕਰਕੇ ਕਿਰਪਾ ਦ੍ਰਿਸ਼ਟੀ ਕੀਤੀ ਉਨ੍ਹਾਂ ਦੇ ਭੀ ਅਸੀਂ ਬਹੁਤ ਧੰਨਵਾਦੀ ਹਾਂ। ਸੰਗੀਤ ਲਿਖਣ ਦੀ ਪ੍ਰੇਰਣਾ ਕਰਨ ਵਾਲੇ ਭਾਈ ਹਰਦਿਤ ਸਿੰਘ ਜੀ ਮੁੱਖੀ, ਗੁਰਮਤਿ ਵਿਦਿਆਲਾ, ਗੁਰਦੁਆਰਾ ਰਕਾਬ ਗੰਜ, ਦਿੱਲੀ ਅਤੇ ਸ੍ਰੀਮਾਨ ਸ੍ਰ. ਗਿਆਨ ਸਿੰਘ ਜੀ ਐਬਟਾਬਾਦੀ ਜੀ ਦੇ ਬਹੁਤ ਧੰਨਵਾਦੀ ਹਾਂ। ਪੁਰਾਤਨ ਸ਼ਬਦ ਕੀਰਤਨ ਵਿਚ ਵਿਦਵਾਨ ਬਜ਼ੁਰਗ ਬਾਬਾ ਤਾਰਾ ਸਿੰਘ ਜੀ ਤਰਨ ਤਾਰਨ ਸਾਹਿਬ ਵਾਲਿਆਂ ਦੇ, ਵਿਦਵਾਨ ਕੀਰਤਨੀਏ ਸ੍ਰੀਮਾਨ ਰੰਗੀ ਰਾਮ ਸਿੰਘ ਜੀ ਕਪੂਰਥਲਾ ਸੁਲਤਾਨਪੁਰ ਵਾਲਿਆਂ ਦੇ ਅਤੇ ਸਾਡੇ ਵਡੇ ਗੁਰਭਾਈ ਭਾਈ ਜੈਦੇਵ ਸਿੰਘ ਜੀ ਸਿੰਘਾਂ ਵਾਲੇ ਦੇ ਬਹੁਤ ਧੰਨਵਾਦੀ ਹਾਂ। ਸਭ ਤੋਂ ਵੱਧ ਸਹਾਇਤਾ ਇਸ ਕਾਰਜ ਵਿਚ ਸਾਨੂੰ ਸਾਡੇ ਵਡੇ ਗੁਰਭਾਈ ਅਤੇ ਜੋੜੀ ਦੇ ਉਸਤਾਦ ਭਾਈ ਅਰਜਨ ਸਿੰਘ ਜੀ ਤਰੰਗੜ ਪਾਸੋਂ ਪ੍ਰਾਪਤ ਕੀਤੀ। ਕਿਉਂਕਿ ਭਾਈ ਅਰਜਨ ਸਿੰਘ ਜੀ ਦੇ ਪਿਤਾ ਭਾਈ ਰਾਮ ਸਿੰਘ ਜੀ ਬਾਪੂ ਜੀ ਦੇ ਗੁਰਭਾਈ ਸਨ ਤੇ ਉਨ੍ਹਾਂ ਨਾਲ ਤਾਊਸ ਵਜਾਇਆ ਕਰਦੇ ਸਨ ਤੇ ਭਾਈ ਅਰਜਨ ਸਿੰਘ ਜੀ ਬਹੁਤ ਸਾਲ ਪਿਤਾ ਜੀ ਨਾਲ ਜੋੜੀ ਵਜਾਉਣ ਦੀ ਸੇਵਾ ਕਰਦੇ ਰਹੇ ਸਨ। ਅਸੀਂ ਭਾਈ ਅਰਜਨ ਸਿੰਘ ਜੀ ਦੇ ਭੀ ਬਹੁਤ ਹੀ ਧੰਨਵਾਦੀ ਹਾਂ।

ਜੋ ਵੀ ਰੀਤਾਂ ਗੁਰਬਾਣੀ ਸੰਗੀਤ ਪ੍ਰਾਚੀਨ ਸ਼ਬਦ ਰੀਤ ਰਤਨਾਵਲੀ ਵਿਚ ਛਪੀਆਂ ਹਨ ਇਨ੍ਹਾਂ ਸਾਰੀਆਂ ਦੀ ਰੀਕਾਰਡਿੰਗ ਵੀ ਕੀਤੀ ਹੈ ਜੋ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਦੇ ਮੁਖੀ ਸ੍ਰੀਮਾਨ ਡਾਕਟਰ ਤਾਰਨ ਸਿੰਘ ਜੀ ਪਾਸ ਹੈ, ਇਨ੍ਹਾਂ ਸਭਨਾਂ ਰੀਤਾਂ, ਪੜਤਾਲਾਂ, ਧੁਨੀਆਂ, ਪਉੜੀਆਂ ਨਾਲ ਤਬਲਾ ਬਰਖ਼ੁਰਦਾਰ ਭਾਈ ਸਵਰਨ ਸਿੰਘ ਨੇ ਵਜਾਇਆ ਹੈ। ਆਮ ਤਬਲੇ ਵਾਲਾ ਪੁਰਾਤਨ ਰੀਤਾਂ ਨਾਲ ਤਬਲਾ ਨਹੀਂ ਵਜਾ ਸਕਦਾ। ਇਸ ਵਾਸਤੇ ਭੀ ਬਹੁਤ ਮਿਹਨਤ ਦੀ ਲੋੜ ਹੁੰਦੀ ਹੈ। ਤਬਲੇ ਦੀ ਵਿਦਿਆ ਇਸ ਨੂੰ ਆਪਣਾ ਬੱਚਾ ਸਮਝ ਕੇ ਸਿਖਾਈ। ਇਨ੍ਹਾਂ ਪੁਰਾਤਨ ਰੀਤਾਂ ਦੀ ਰੀਕਾਰਡਿੰਗ ਵਿੱਚ ਇਸ ਦੀ ਭੀ ਬਹੁਤ ਮਿਹਨਤ ਹੈ, ਸੋ ਆਪਣੇ ਅਜ਼ੀਜ਼ ਭਾਈ ਸਵਰਨ ਸਿੰਘ ਨੂੰ ਭੀ ਸਾਡੀਆਂ ਹਾਰਦਿਕ ਅਸੀਸਾਂ ਹਨ। ਪੂਜਨੀਕ ਬਜ਼ੁਰਗ ਭਾਈ ਸਾਹਿਬ ਭਾਈ ਬਤਨ ਸਿੰਘ ਜੀ ਮੋਹਲੀ (ਫਗਵਾੜਾ) ਵਾਲੇ ਬਹੁਤ ਵਿਦਵਾਨ ਸਨ। ਇਕ ਵੇਰ ਦਿੱਲੀ ਸਾਡੇ ਪਾਸ ਕੁਝ ਦਿਨ ਠਹਿਰੇ ਉਨ੍ਹਾਂ ਨੇ ਭੀ ਆਪਣੇ ਭੰਡਾਰੇ ਵਿਚੋਂ ਕੁਝ ਸ਼ਬਦ ਰੀਤਾਂ ਦੇਣ ਦੀ ਕ੍ਰਿਪਾ ਕੀਤੀ। ਇਸੇ ਤਰ੍ਹਾਂ ਭਾਈ ਤਾਬਾ ਸੀ ਜੋ ਕਿ ਰਬਾਬੀਆਂ ਵਿਚ ਬਹੁਤ ਵਿਦਵਾਨ ਸਨ, ਉਹ ਪਾਕਿਸਤਾਨ ਤੋਂ ਦਿੱਲੀ ਕੁਝ ਦਿਨਾਂ ਲਈ ਆਏ ਤੇ ਨਿਸ਼ਾਨੀ ਵਜੋਂ ਉਨ੍ਹਾਂ ਨੇ ਭੀ ਪੰਜ-ਸਤ ਸ਼ਬਦ ਰੀਤਾਂ ਦੇਣ ਦੀ ਕਿਰਪਾ ਕੀਤੀ। ਇਨ੍ਹਾਂ ਦੋਹਾਂ ਬਜ਼ੁਰਗਾਂ ਦੇ ਅਤਿ ਧੰਨਵਾਦੀ ਹਾਂ।

ਸਤਿਕਾਰਯੋਗ ਭਾਈ ਸਾਹਿਬ ਭਾਈ ਅਰਦਮਨ ਸਿੰਘ ਜੀ ਬਾਗੜੀਆਂ, ਜੋ ਪੁਰਾਤਨ ਰੀਤਾਂ ਦੀ ਸੰਭਾਲ ਵਾਸਤੇ ਸਮੇਂ ਸਮੇਂ ਆਪਣੀ ਅਮੋਲਕ ਰਾਇ ਬਖ਼ਸ਼ਦੇ ਰਹੇ, ਓਨਾਂ ਚਿੱਠੀਆਂ ਚੋਂ ਇੱਕ ਚਿੱਠੀ ਮੂਲ ਰੂਪ ਵਿਚ ਧੰਨਵਾਦ ਸਹਿਤ ਪੁਸਤਕ ਦੇ ਆਰੰਭ ਵਿਚ ਛਾਪ ਰਹੇ ਹਾਂ।

ਮਹਾਨ ਸੰਗੀਤਾਚਾਰੀਯ, ਸ੍ਰੀ ਮਾਨ ਸ੍ਰੀ ਦਲੀਪ ਚੰਦਰ ਜੀ ਵੇਦੀ ਸਾਹਿਬ ਤੇ ਮਹਾਨ ਵਿਦਵਾਨ ਸਤਾਰ ਵਾਦਕ ਉਸਤਾਦ ਵਲਾਇਤ ਖ਼ਾਂ ਸਾਹਿਬ ਦੇ ਬਹੁਤ ਹੀ ਧੰਨਵਾਦੀ ਹਾਂ ਜਿਨਾਂ 'ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ' ਪੁਸਤਕ ਦੇ ਸੰਬੰਧ ਵਿਚ ਆਪਣੀ ਅਮੋਲਿਕ ਰਾਇ ਬਖ਼ਸ਼ੀ।

ਅੰਤ ਵਿਚ ਪੁਸਤਕ ਵਿਚ ਰਹਿ ਗਈਆਂ ਬਿਅੰਤ ਤਰੁਟੀਆਂ ਤੇ ਭੁੱਲਾਂ ਦੀ ਸਰਬੱਤ ਗੁਣੀ ਜਨਾਂ ਪਾਸੋਂ ਖਿਮਾਂ ਮੰਗਦੇ ਹਾਂ।

ਗੁਰੂ ਪੰਥ ਦੇ ਦਾਸ

**ਭਾਈ ਅਵਤਾਰ ਸਿੰਘ ਰਾਗੀ**

**ਭਾਈ ਗੁਰਚਰਨ ਸਿੰਘ ਰਾਗੀ**

(ਇਹ ਭੂਮਿਕਾ ਭਾਈ ਅਵਤਾਰ ਸਿੰਘ ਜੀ, ਭਾਈ ਗੁਰਚਰਨ ਸਿੰਘ ਜੀ ਦੀ ਪੁਸਤਕ: ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ - ਭਾਗ ਪਹਿਲੇ ਵਿਚੋਂ ਲਈ ਗਈ ਹੈ)

# ਪ੍ਰਾਚੀਨ ਸ਼ਬਦ ਕੀਰਤਨ ਦੇ ਅਦੁੱਤੀ ਕੀਰਤਨੀਏ
# ਭਾਈ ਅਵਤਾਰ ਸਿੰਘ ਜੀ

**(ਡਾ.) ਗੁਰਨਾਮ ਸਿੰਘ**

ਗੁਰਮਤਿ ਸੰਗੀਤ ਪਰੰਪਰਾ ਵਿਚ ਪ੍ਰਸਿੱਧ ਕੀਰਤਨੀਏ ਭਾਈ ਅਵਤਾਰ ਸਿੰਘ ਦਾ ਨਾਮ ਵਿਸ਼ੇਸ਼ ਵਰਨਣਯੋਗ ਹੈ। ਆਪ ਨੇ ਜਿਥੇ ਗੁਰਮਤਿ ਸੰਗੀਤ ਦੇ ਵਿਹਾਰਕ ਖਿਤੇ ਨੂੰ ਪ੍ਰਫੁੱਲਤ ਕੀਤਾ ਹੈ, ਉਥੇ ਗੁਰਮਤਿ ਸੰਗੀਤ ਦੇ ਸਿਧਾਂਤਕ ਪੱਖ ਨੂੰ ਉਜਾਗਰ ਕਰਨ ਹਿਤ ਵਿਸ਼ੇਸ ਅਤੇ ਮਹੱਤਵਪੂਰਣ ਯੋਗਦਾਨ ਪਾਇਆ ਹੈ। ਆਪ ਵਲੋਂ ਗੁਰਮਤਿ ਸੰਗੀਤ ਦੇ ਰਚਨਾਕਾਰ ਵਜੋਂ ਕੀਤਾ ਕਾਰਜ ਸ਼ਲਾਘਾਯੋਗ ਹੈ। ਆਪ ਨੂੰ ਆਪਣੇ ਪੂਰਵਜਾਂ ਦੁਆਰਾ ਪੀੜ੍ਹੀ-ਦਰ-ਪੀੜ੍ਹੀ ਪ੍ਰਾਪਤ ਗੁਰਮਤਿ ਸੰਗੀਤ ਦੀਆਂ ਸ਼ਬਦ ਰੀਤਾਂ ਦਾ ਵਿਸ਼ਾਲ ਖ਼ਜਾਨਾ ਪ੍ਰਾਪਤ ਸੀ ਜਿਸ ਨੂੰ ਬਾਅਦ ਵਿਚ ਆਪ ਦੁਆਰਾ ਗੁਰਮਤਿ ਸੰਗੀਤ ਦੀਆਂ ਅਗਲੇਰੀਆਂ ਪੀੜ੍ਹੀਆਂ ਨੂੰ ਸਪੁਰਦ ਕਰਨ ਹਿਤ ਪ੍ਰਕਾਸ਼ਿਤ ਕਰਵਾਇਆ ਗਿਆ। ਵਰ੍ਹਿਆਂ ਬੱਧੀ ਮਿਹਨਤ ਰਾਹੀਂ ਆਪ ਨੇ ਵਿਰਸੇ ਵਿਚ ਪ੍ਰਾਪਤ ਗੁਰਮਤਿ ਸੰਗੀਤ ਦੇ ਪਰੰਪਰਾਗਤ ਭੰਡਾਰ ਨੂੰ 'ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ' ਦੇ ਅੰਤਰਗਤ ਸੁਰਲਿਪੀ ਬੱਧ ਰੂਪ ਵਿਚ ਗੁਰਮਤਿ ਸੰਗੀਤ ਪ੍ਰੇਮੀਆਂ ਦੀ ਸੇਵਾ ਲਈ ਭੇਂਟ ਕੀਤਾ।

ਗੁਰਮਤਿ ਸੰਗੀਤ ਰਚਨਾਕਾਰ ਭਾਈ ਅਵਤਾਰ ਸਿੰਘ ਦਾ ਜਨਮ 8 ਜਨਵਰੀ, 1926 ਨੂੰ ਮਾਤਾ ਰਣਜੋਧ ਕੌਰ ਦੀ ਕੁਖੋਂ ਭਾਈ ਜੁਆਲਾ ਸਿੰਘ ਦੇ ਗ੍ਰਹਿ ਪਿੰਡ ਸੈਦਪੁਰ ਜ਼ਿਲ੍ਹਾ ਕਪੂਰਥਲਾ ਵਿਖੇ ਹੋਇਆ। ਆਪ ਨੂੰ ਗੁਰਮਤਿ ਸੰਗੀਤ ਦੀ ਸਿੱਖਿਆ ਵਿਰਸੇ ਵਿਚ ਪ੍ਰਾਪਤ ਹੋਈ। ਆਪ ਦੇ ਪਿਤਾ ਭਾਈ ਜੁਆਲਾ ਸਿੰਘ ਸਿੱਖ ਪੰਥ ਦੇ ਪ੍ਰਸਿੱਧ ਕੀਰਤਨੀਏ ਸਨ ਜਿਨ੍ਹਾਂ ਨੇ ਲਗਭਗ ਛੇ ਦਹਾਕੇ ਸ਼ਬਦ ਕੀਰਤਨ ਨਾਲ ਸੰਗਤਾਂ ਨੂੰ ਜੋੜਿਆ। ਗੁਰਬਾਣੀ ਦੀ ਮੁੱਢਲੀ ਸਿੱਖਿਆ ਆਪ ਨੇ ਪਿੰਡ ਦੀ ਧਰਮਸ਼ਾਲਾ ਤੋਂ ਹਾਸਲ ਕੀਤੀ। ਭਾਈ ਗੁਰਚਰਨ ਸਿੰਘ ਨੇ ਜੋੜੀ ਦੀ ਸਿੱਖਿਆ ਉਸਤਾਦ ਬਾਬਾ ਸ਼ਰਧਾ ਸਿੰਘ ਅਤੇ ਭਾਈ ਅਰਜਨ ਸਿੰਘ ਤਰੰਗੜ ਤੋਂ ਪ੍ਰਾਪਤ ਕੀਤੀ। ਭਾਈ ਗੁਰਚਰਨ ਸਿੰਘ ਪੰਥ ਪ੍ਰਸਿੱਧ ਵਿਦਵਾਨ ਰਾਗੀ ਰਹੇ ਹਨ। ਆਪ ਨੇ ਖਾਲਸਾ ਕਾਲਜ ਅੰਮ੍ਰਿਤਸਰ ਤੋਂ ਮੈਟ੍ਰਿਕ ਪਾਸ ਕੀਤੀ। ਫ਼ਾਰਸੀ ਵਿਦਿਆ ਤੇ ਕਵਿਤਾ ਰਚਨ ਦੀ ਵਿਦਿਆ ਖਾਲਸਾ ਕਾਲਜ ਪੜ੍ਹਦੇ ਸਮੇਂ ਪ੍ਰੋਫੈਸਰ ਮੋਹਨ ਸਿੰਘ ਪਾਸੋਂ ਪ੍ਰਾਪਤ ਕੀਤੀ। ਭਾਈ ਅਵਤਾਰ ਸਿੰਘ ਨੇ ਸ਼ੁਰੂ-ਸ਼ੁਰੂ ਵਿਚ ਆਪਣੇ ਪਿਤਾ ਨਾਲ ਕੀਰਤਨ ਦੀ ਸੰਗਤ ਕੀਤੀ। 1946 ਤੋਂ ਆਪ ਨੇ ਕੀਰਤਨੀ ਜਥੇ ਦੇ ਰੂਪ ਵਿਚ ਸ਼ਬਦ ਕੀਰਤਨ ਦੀ ਸ਼ੁਰੂਆਤ ਕੀਤੀ। ਆਪ ਦਿੱਲੀ ਵਿਖੇ ਗੁਰਦੁਆਰਾ ਸੀਸ ਗੰਜ ਸਾਹਿਬ ਅਤੇ ਗੁਰਦੁਆਰਾ ਬੰਗਲਾ ਸਾਹਿਬ ਦੇ ਪਾਵਨ ਸਥਾਨ 'ਤੇ 1954 ਤੋਂ ਨਿਰੰਤਰ ਸੇਵਾ ਕਰਦੇ ਰਹੇ। ਜਿਥੇ ਗੁਰਮਤਿ ਸੰਗੀਤ ਦੇ ਪ੍ਰਚਾਰ ਪ੍ਰਸਾਰ ਹਿਤ ਆਪ ਨੇ ਦੇਸ਼ਾਂ ਵਿਦੇਸ਼ਾਂ ਦੇ ਕਈ ਦੌਰੇ ਕੀਤੇ, ਉਥੇ ਇਸ ਦੀ ਸਿਧਾਂਤਕਤਾ ਲਈ ਸ਼ਬਦ ਕੀਰਤਨ ਰਚਨਾਵਾਂ ਦਾ ਵਿਸ਼ਾਲ ਸੰਗ੍ਰਹਿ ਵੀ ਤਿਆਰ ਕੀਤਾ। ਆਪ ਦੀ ਪੁਸਤਕ 'ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ' 1979 ਵਿਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਲੋਂ ਪ੍ਰਕਾਸ਼ਿਤ ਕੀਤੀ ਗਈ। ਪੁਸਤਕ ਦੇ ਹਵਾਲੇ ਨਾਲ ਆਪ ਨੇ ਇਸ ਪੁਸਤਕ ਵਿਚ ਆਪਣੇ ਤਿੰਨ ਘਰਾਣਿਆਂ ਦੀਆਂ ਅਨਮੋਲ ਸ਼ਬਦ ਕੀਰਤਨ ਰਚਨਾਵਾਂ ਜੋ ਕਿ ਪੀੜ੍ਹੀ-ਦਰ-ਪੀੜ੍ਹੀ ਸਫ਼ਰ ਕਰ ਆਪ ਕੋਲ ਪਹੁੰਚੀਆਂ ਸਨ, ਦਰਜ ਕੀਤੀਆਂ ਹਨ।

ਭਾਈ ਅਵਤਾਰ ਸਿੰਘ-ਗੁਰਚਰਨ ਸਿੰਘ ਹੁਰਾਂ ਦੀ ਪੁਸਤਕ 'ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ' ਦੋ ਭਾਗਾਂ ਵਿਚ ਉਪਲਬੱਧ ਹੈ। ਇਸ ਪੁਸਤਕ ਵਿਚ 492 ਪ੍ਰਾਚੀਨ ਸ਼ਬਦ ਕੀਰਤਨ ਰਚਨਾਵਾਂ ਸੁਰਲਿਪੀ ਬੱਧ ਹਨ ਜੋ ਆਪ ਦੇ ਇਕ ਸਫ਼ਲ ਤੇ ਮਹਾਨ ਰਚਨਾਕਾਰ ਹੋਣ ਦਾ ਪ੍ਰਤੱਖ ਪ੍ਰਮਾਣ ਹਨ। ਪੁਸਤਕ ਦੇ ਹਵਾਲੇ ਨਾਲ ਆਪ ਨੇ ਇਸ ਦੀ ਰਚਨਾ ਦਾ ਮਨੋਰਥ ਗੁਰੂ ਦਰਬਾਰ ਵਿਚ ਪੁਰਾਤਨ ਰਾਗੀਆਂ ਤੇ ਰਬਾਬੀਆਂ ਦੁਆਰਾ ਗਾਈਆਂ ਜਾਣ ਵਾਲੀਆਂ ਸ਼ਬਦ ਰੀਤਾਂ ਨੂੰ ਗੁਰਮਤਿ ਸੰਗੀਤ ਦੇ ਭਵਿੱਖ ਹਿਤ ਸੁਰੱਖਿਅਤ ਕਰਨਾ ਹੈ। ਇਸ ਪੁਸਤਕ ਨੂੰ ਲਿਖਣ ਦੇ ਪ੍ਰੇਰਨਾ ਸਰੋਤ ਗਿਆਨੀ ਹਰਦਿਤ ਸਿੰਘ ਤੇ ਸ. ਗਿਆਨ ਸਿੰਘ ਐਬਟਾਬਾਦ ਬਣੇ। 'ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ' ਦੇ ਪਹਿਲੇ ਭਾਗ ਵਿਚ 252 ਸ਼ਬਦ ਕੀਰਤਨ ਰਚਨਾਵਾਂ 38 ਰਾਗਾਂ ਤੇ ਰਾਗ ਪ੍ਰਕਾਰਾਂ ਵਿਚ ਸੁਰਲਿਪੀ ਬੱਧ ਰੂਪ ਵਿਚ ਪ੍ਰਾਪਤ ਹੁੰਦੀਆਂ ਹਨ। ਇਸ ਦੇ ਦੂਸਰੇ ਭਾਗ ਵਿਚ 220 ਸ਼ਬਦ ਕੀਰਤਨ ਰਚਨਾਵਾਂ 61 ਰਾਗਾਂ ਤੇ ਰਾਗ ਪ੍ਰਕਾਰਾਂ ਵਿਚ ਸੁਰਲਿਪੀ ਬੱਧ ਹਨ। ਇਸ ਤੋਂ ਇਲਾਵਾ ਦੂਸਰੇ ਭਾਗ ਵਿਚ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਵੱਖ-ਵੱਖ ਵਾਰਾਂ ਦੀਆਂ ਲਗਭਗ 19 ਪਉੜੀਆਂ ਤੇ ਧੁਨੀਆਂ ਦੀਆਂ ਸ਼ਬਦ ਕੀਰਤਨ ਰਚਨਾਵਾਂ ਵੀ

ਅੰਕਿਤ ਹਨ। ਪੁਸਤਕ ਦੇ ਅੰਤਿਮ ਚਰਨ ਵਿਚ ਰਾਗ ਸੂਹੀ ਦੇ ਅੰਤਰਗਤ ਲਾਵਾਂ ਦੀ ਸੁਰਲਿਪੀ ਦਰਜ ਕੀਤੀ ਗਈ ਹੈ। ਪੁਸਤਕ ਵਿਚ ਦਰਜ ਸ਼ਬਦ ਕੀਰਤਨ ਰਚਨਾਵਾਂ ਨੂੰ ਧਰੁਪਦ, ਧਮਾਰ, ਖਿਆਲ, ਪੜਤਾਲ ਆਦਿ ਗਾਇਨ ਸ਼ੈਲੀਆਂ ਅਧੀਨ ਸੁਰਲਿਪੀ ਬੱਧ ਕੀਤਾ ਗਿਆ ਹੈ। ਬਹੁ ਗਿਣਤੀ ਸ਼ਬਦ ਕੀਰਤਨ ਰਚਨਾਵਾਂ ਧਰੁਪਦ ਅੰਗ ਤੋਂ ਸਥਾਈ, ਅੰਤਰਾ, ਸੰਚਾਰੀ, ਆਭੋਗ ਦੇ ਅੰਤਰਗਤ ਸੁਰਲਿਪੀ ਬੱਧ ਹਨ। ਇਨ੍ਹਾਂ ਸ਼ਬਦ ਕੀਰਤਨ ਰਚਨਾਵਾਂ ਹਿਤ ਆਪ ਦੁਆਰਾ ਦਾਦਰਾ, ਰੂਪਕ, ਤਿੰਨ ਤਾਲ, ਛੋਟੀ ਤਿੰਨ ਤਾਲ, ਚਾਰ ਤਾਲ, ਆੜ੍ਹਾ ਚਾਰ ਤਾਲ, ਇੱਕ ਤਾਲ, ਝਪਤਾਲ, ਖਟਤਾਲ, ਸਿਖਰ ਤਾਲ, ਧਮਾਰ, ਸੂਲਫਾਕਤਾ, ਪੰਜ ਤਾਲ ਦੀ ਸਵਾਰੀ, ਅਸ਼ਟ ਤਾਲ, ਚੰਚਲ ਤਾਲ, ਜੈ ਤਾਲ, ਤਲਵਾੜਾ ਆਦਿ ਤਾਲਾਂ ਦਾ ਪ੍ਰਯੋਗ ਕੀਤਾ ਗਿਆ ਹੈ। ਆਪ ਦੁਆਰਾ ਰਚਿਤ ਸ਼ਬਦ ਕੀਰਤਨ ਰਚਨਾਵਾਂ ਦੇ ਵਿਸ਼ੇਸ਼ ਸਰੋਤਾਂ ਵਿਚ ਗੁਰੂ ਗ੍ਰੰਥ ਸਾਹਿਬ, ਦਸਮ ਗ੍ਰੰਥ, ਭਾਈ ਗੁਰਦਾਸ ਦੀਆਂ ਵਾਰਾਂ ਦੀਆਂ ਰਚਨਾਵਾਂ ਆਦਿ ਸ਼ਾਮਲ ਹਨ। ਸੰਤਾਂ, ਭਗਤਾਂ ਵਿਚੋਂ ਭਗਤ ਕਬੀਰ, ਰਵਿਦਾਸ, ਨਾਮਦੇਵ, ਤ੍ਰਿਲੋਚਨ, ਭੀਖਣ, ਧੰਨਾ ਅਤੇ ਸ਼ੇਖ ਫਰੀਦ ਜੀ ਦੀਆਂ ਬਾਣੀ ਰਚਨਾਵਾਂ ਨੂੰ ਸੁਰਲਿਪੀ ਬੱਧ ਕੀਤਾ ਗਿਆ ਹੈ।

ਰਚਨਾਕਾਰ ਰਾਗੀ ਭਾਈ ਅਵਤਾਰ ਸਿੰਘ-ਗੁਰਚਰਨ ਸਿੰਘ ਦੁਆਰਾ ਸ਼ਬਦ ਕੀਰਤਨ ਰਚਨਾਵਾਂ ਹਿਤ ਭਾਤਖੰਡੇ ਸੁਰਲਿਪੀ ਨੂੰ ਪ੍ਰਯੋਗ ਕੀਤਾ ਗਿਆ ਹੈ। ਆਪ ਦੁਆਰਾ ਪ੍ਰਕਾਸ਼ਿਤ ਪੁਸਤਕ ਵਿਚ ਗੁਰਮਤਿ ਸੰਗੀਤ ਦੀ ਮੂਲ ਪਰੰਪਰਾ ਕਾਇਮ ਹੈ। ਗੁਰੂ ਗ੍ਰੰਥ ਸਾਹਿਬ ਦੇ ਰਾਗਾਂ ਦੀਆਂ ਪੁਰਾਤਨ ਰੀਤਾਂ ਸਬੰਧੀ ਇਹ ਆਪਣੀ ਕਿਸਮ ਦੀ ਪਹਿਲੀ ਰਚਨਾ ਹੈ। ਸ਼ਬਦ ਦੇ ਸਥਾਈ ਤੇ ਅੰਤਰਾ ਪਰੰਪਰਾਗਤ ਸ਼ੈਲੀ ਵਿਚ ਨਿਬੱਧ ਹਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਕੀਤੀਆਂ ਗਈਆਂ ਵਾਰਾਂ ਦੀਆਂ ਧੁਨੀਆਂ ਵੀ ਇਨ੍ਹਾਂ ਕੀਰਤਨ ਰਚਨਾਵਾਂ ਦਾ ਅਹਿਮ ਹਿੱਸਾ ਬਣ ਦ੍ਰਿਸ਼ਟੀਗੋਚਰ ਹੁੰਦੀਆਂ ਹਨ।

ਗੁਰਮਤਿ ਸੰਗੀਤ ਦੇ ਖੇਤਰ ਵਿਚ ਕੀਤੇ ਸਿਧਾਂਤਕ ਤੇ ਵਿਹਾਰਕ ਕਾਰਜ ਸਦਕਾ ਭਾਈ ਅਵਤਾਰ ਸਿੰਘ ਨੂੰ ਸਮੇਂ-ਸਮੇਂ ਤੇ ਵੱਖ-ਵੱਖ ਸੰਸਥਾਵਾਂ ਵਲੋਂ ਸਨਮਾਨਿਤ ਕੀਤਾ ਜਾਂਦਾ ਰਿਹਾ ਹੈ। ਆਪ ਨੇ ਦੇਸ਼ ਵਿਦੇਸ਼ ਦੇ ਗੁਰਮਤਿ ਸੰਗੀਤ ਸੰਮੇਲਨਾਂ, ਕੀਰਤਨ ਦਰਬਾਰਾਂ ਵਿਚ ਆਪਣੀ ਸ਼ਮੂਲੀਅਤ ਦੁਆਰਾ ਵਿਸ਼ੇਸ ਨਾਮਣਾ ਖੱਟਿਆ ਹੈ। ਵੱਖ-ਵੱਖ ਰਿਕਾਰਡਿੰਗ ਕੰਪਨੀਆਂ ਦੁਆਰਾ ਆਪ ਦੀ 38 ਘੰਟਿਆਂ ਦੀ ਕੀਰਤਨ ਰਿਕਾਰਡਿੰਗ ਰਿਲੀਜ਼ ਕੀਤੀ ਗਈ ਹੈ। ਦੇਸ਼ ਵਿਦੇਸ਼ ਦੀਆਂ ਅਨੇਕ ਸੰਸਥਾਵਾਂ ਨੇ ਆਪ ਨੂੰ ਵਿਸ਼ੇਸ ਸਨਮਾਨਾਂ ਅਤੇ ਐਵਾਰਡਾਂ ਨਾਲ ਪੁਰਸਕਾਰਿਤ ਕੀਤਾ ਹੈ ਜਿਨ੍ਹਾਂ ਵਿਚੋਂ 1980 ਵਿਚ ਪੰਜਾਬੀ ਸਾਹਿਤ ਸਮੀਖਿਆ ਬੋਰਡ, ਜਲੰਧਰ ਦੁਆਰਾ 'ਕੀਰਤਨ ਖੋਜ ਪੁਰਸਕਾਰ'; 1982 ਵਿਚ ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੁਆਰਾ 'ਪ੍ਰਮੁੱਖ ਰਾਗੀ ਐਵਾਰਡ'; 1983 ਵਿਚ ਇੰਡੀਅਨ ਕੌਂਸਲ ਆਫ਼ ਸਿੱਖ ਅਫ਼ੇਅਰਜ਼ ਦੁਆਰਾ 'ਗੁਰਮਤਿ ਸੰਗੀਤ ਸਨਮਾਨ', 1984 ਵਿਚ ਪੰਜਾਬ ਸਰਕਾਰ ਦੁਆਰਾ 'ਪਹਿਲਾ ਸ਼੍ਰੋਮਣੀ ਰਾਗੀ ਪੁਰਸਕਾਰ'; 1992 ਵਿਚ ਵਿਸਮਾਦ ਨਾਮ ਦੁਆਰਾ 'ਪੁਰਾਤਨ ਕੀਰਤਨੀਆ ਐਵਾਰਡ' ਅਤੇ 2004 ਵਿਚ ਪੰਜਾਬੀ ਸੰਗੀਤ ਨਾਟਕ ਅਕੈਡਮੀ, ਚੰਡੀਗੜ੍ਹ ਦੁਆਰਾ 'ਸੰਗੀਤ ਪੁਰਸਕਾਰ' ਵਿਸ਼ੇਸ਼ ਹਨ।

ਪੰਜਾਬੀ ਯੂਨੀਵਰਸਿਟੀ ਵਲੋਂ ਜਿਥੇ ਪ੍ਰਾਚੀਨ ਕੀਰਤਨ ਪ੍ਰਣਾਲੀ ਨਾਲ ਸਬੰਧਿਤ ਪੁਸਤਕ 'ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ' ਪ੍ਰਕਾਸ਼ਿਤ ਕੀਤੀ ਗਈ, ਉਥੇ 2005-06 ਵਿਚ ਪਹਿਲਾਂ ਭਾਈ ਅਵਤਾਰ ਸਿੰਘ ਨੂੰ ਅਤੇ ਫਿਰ 2008-09 ਵਿਚ ਭਾਈ ਗੁਰਚਰਨ ਸਿੰਘ ਨੂੰ ਗੁਰਮਤਿ ਸੰਗੀਤ ਚੇਅਰ ਵਲੋਂ ਸੀਨੀਅਰ ਫੈਲੋਸ਼ਿਪ ਵੀ ਪ੍ਰਦਾਨ ਕੀਤੀ ਗਈ ਅਤੇ ਇਸੇ ਪਰਿਵਾਰ ਦੇ ਵਿੱਤੀ ਸਹਿਯੋਗ ਨਾਲ ਭਾਈ ਜੁਆਲਾ ਸਿੰਘ ਦੀ ਯਾਦ ਵਿਚ ਆਡੀਟੋਰੀਅਮ ਦੀ ਉਸਾਰੀ ਕੀਤੀ ਗਈ। ਗੁਰਮਤਿ ਸੰਗੀਤ ਦੇ ਰਚਨਾਕਾਰ ਵਜੋਂ ਭਾਈ ਅਵਤਾਰ ਸਿੰਘ-ਗੁਰਚਰਨ ਸਿੰਘ ਦੁਆਰਾ ਕੀਤਾ ਕਾਰਜ ਗੁਰਮਤਿ ਸੰਗੀਤ ਦੇ ਵਿਦਿਆਰਥੀਆਂ, ਸਿੱਖਿਆਰਥੀਆਂ, ਅਧਿਆਪਕਾਂ, ਰਾਗੀਆਂ ਅਤੇ ਕੀਰਤਨਕਾਰਾਂ ਲਈ ਬਹੁਣ ਵਡਮੁੱਲਾ ਖਜ਼ਾਨਾ ਹੈ। ਮਾਣ ਵਾਲੀ ਗੱਲ ਹੈ ਕਿ 'ਨਾਦ ਮਿਊਜ਼ਿਕ ਇੰਸਟੀਚਿਊਟ' ਵਲੋਂ ਭਾਈ ਅਵਤਾਰ ਸਿੰਘ ਦੀ 100ਵੇਂ ਜਨਮ ਦਿਵਸ ਵਰੇਗੰਢ ਦੀ ਪਹਿਲੀ ਸ਼ਤਾਬਦੀ ਉੱਤੇ ਵਿਸ਼ੇਸ਼ ਸੈਮੀਨਾਰ ਕੀਤਾ ਗਿਆ ਜਿਸ ਵਿੱਚ ਪੰਥ ਪ੍ਰਸਿਧ ਸਖ਼ਸ਼ੀਅਤਾਂ, ਵਿਦਵਾਨਾਂ, ਕੀਰਤਨੀਆਂ ਅਤੇ ਸੰਗੀਤਕਾਰਾਂ ਨੇ ਭਾਗ ਲੈ ਕੇ ਭਾਈ ਅਵਤਾਰ ਸਿੰਘ ਨੂੰ ਆਪਣੇ ਵਿਚਾਰਾਂ ਦੁਆਰਾ ਉਨ੍ਹਾਂ ਦੀ ਸਿਮ੍ਰਤੀ ਨੂੰ ਸਦੀਵੀ ਬਣਾਇਆ।

ਡੀਨ ਅਕਾਦਮਿਕ, ਮੁਖੀ, ਪ੍ਰੋਫੈਸਰ (ਰਿਟਾ.)
ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

## ਰਾਗੀ ਭਾਈ ਜੁਵਾਲਾ ਸਿੰਘ ਘਰਾਣੇ ਦੇ

# ਪ੍ਰਸਿੱਧ ਕੀਰਤਨੀਏ ਰਾਗੀ ਭਾਈ ਅਵਤਾਰ ਸਿੰਘ

**ਡਾ. ਗਗਨਦੀਪ ਸਿੰਘ**
ਸੈਕਰਾਮੈਂਟੋਂ, ਕੈਲੀਫੋਰਨੀਆਂ

ਰਾਗੀ ਭਾਈ ਅਵਤਾਰ ਸਿੰਘ 21ਵੀਂ ਸਦੀ ਦੇ ਮਹਾਨ ਕੀਰਤਨੀਏ ਹੋਏ ਹਨ। ਆਪ ਇੱਕ ਟਕਸਾਲੀ ਘਰਾਣੇਦਾਰ ਕੀਰਤਨੀਏ ਸਨ।ਆਪ ਜੀ ਦਾ ਘਰਾਣਾ ਸਦੀ ਦੇ ਮਹਾਨ ਰਾਗੀ ਭਾਈ ਜੁਵਾਲਾ ਸਿੰਘ ਦਾ ਕੀਰਤਨ ਘਰਾਣਾ ਸੀ। ਇਸ ਕੀਰਤਨ ਘਰਾਣੇ ਦੇ ਪੂਰਵਜਾਂ ਨੂੰ ਗੁਰੂ ਸਾਹਿਬਾਨ ਦੀ ਅਸੀਸ ਪ੍ਰਾਪਤ ਹੈ। ਭਾਰਤੀ ਸੰਗੀਤ ਦੀ ਤਰ੍ਹਾਂ ਗੁਰਮਤਿ ਸੰਗੀਤ ਵਿੱਚ ਘਰਾਣਾ ਪਰੰਪਰਾ ਦਾ ਪ੍ਰਚਲਨ ਨਹੀਂ ਪਰ ਗੁਰਮਤਿ ਸੰਗੀਤ ਵਿੱਚ ਕੀਰਤਨੀਏ ਦੇ ਕਈ ਘਰਾਣੇ ਦੇਖੇ ਜਾ ਸਕਦੇ ਹਨ ਜਿਵੇਂ ਮਰਦਾਨੇ ਕੇ, ਖਡੂਰੀਏ ਰਬਾਬੀ, ਅੰਮ੍ਰਿਤਸਰੀਆਂ ਦਾ ਘਰਾਣਾ, ਬਾਬਾ ਵਸਾਵਾ ਸਿੰਘ ਰੰਗੀ ਰਾਮ ਦਾ ਘਰਾਣਾ, ਭਾਈ ਮੱਸਾ ਸਿੰਘ ਦਾ ਘਰਾਣਾ, ਰਾਗੀ ਭਾਈ ਜੁਵਾਲਾ ਸਿੰਘ ਦਾ ਘਰਾਣਾ ਆਦਿ। ਗੁਰਮਤਿ ਸੰਗੀਤ ਦੇ ਘਰਾਣਿਆਂ ਦੇ ਲੱਛਣ ਵੀ ਭਾਰਤੀ ਸੰਗੀਤ ਦੇ ਸਮਾਨਾਂਤਰ ਹਨ ਪ੍ਰੰਤੂ ਆਚਾਰ ਸੰਹਿਤਾ, ਅਨੁਸਾਸ਼ਨ ਤੇ ਸੰਜਮ ਗੁਰਮਤਿ ਸੰਗੀਤ ਅਨੁਸਾਰੀ ਹੋ ਜਾਂਦਾ ਹੈ ਜਿਸ ਨੂੰ ਸਿੱਖ ਮਰਯਾਦਾ ਦੀ ਪਾਲਣਾ ਨਾਲ ਜੋੜ ਕੇ ਵੇਖਿਆ ਜਾਂਦਾ ਹੈ। ਇਸ ਦੇ ਨਾਲ-ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਮਰਪਿਤ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਕੀਰਤਨ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਗੀਤ ਵਿਧਾਨ ਦੀ ਸਮਝ ਅਤੇ ਗੁਰਮਤਿ ਸੰਗੀਤ ਦੀ ਸ਼ਬਦ ਕੀਰਤਨ ਚਉਕੀ ਪਰੰਪਰਾ ਦਾ ਪ੍ਰਮਾਣਿਕ ਗਿਆਨ ਆਦਿ ਅਗਲੇਰੇ ਪੱਖ ਹਨ ਜੋ ਗੁਰਮਤਿ ਸੰਗੀਤ ਦੇ ਕਿਸੇ ਘਰਾਣੇ ਲਈ ਬੁਨਿਆਦੀ ਤੌਰ 'ਤੇ ਜ਼ਰੂਰੀ ਹਨ।

ਰਾਗੀ ਭਾਈ ਅਵਤਾਰ ਸਿੰਘ ਦੇ 100ਵੇਂ ਜਨਮ ਦਿਨ ਦੇ ਸੰਬੰਧ ਵਿੱਚ ਇਸ ਵਰ੍ਹੇ ਉਨ੍ਹਾਂ ਦੇ ਪਰਿਵਾਰਕ ਮੈਬਰਾਂ ਅਤੇ ਸਿੱਖ ਸੰਗਤਾਂ ਵਲੋਂ ਸ਼ਤਾਬਦੀ ਸਮਾਗਮ ਕਰਵਾਏ ਜਾ ਰਹੇ ਹਨ ਜੋ ਕਿ ਕੀਰਤਨੀਆਂ ਦੇ ਲਈ ਮਾਣ ਦੀ ਗੱਲ ਹੈ। ਗੁਰੂ ਪੰਥ ਦਾ ਕੀਰਤਨੀਆਂ ਅਤੇ ਗੁਰਮਤਿ ਸੰਗੀਤ ਦਾ ਨਿਮਾਣਾ ਜਿਹਾ ਸਿਖਿਆਰਥੀ ਹੋਣ ਦੇ ਨਾਤੇ ਇਸ ਸ਼ੁੱਭ ਅਵਸਰ 'ਤੇ ਰਾਗੀ ਭਾਈ ਅਵਤਾਰ ਸਿੰਘ ਦੇ ਕੀਰਤਨੀ ਘਰਾਣੇ ਸੰਬੰਧੀ ਜੋ ਮੈਂ ਆਪ ਪੀਐੱਚ. ਡੀ. ਖੋਜ ਦੌਰਾਨ ਜਾਣਿਆ ਉਸ ਨੂੰ ਆਪ ਨਾਲ ਸਾਂਝਾ ਕਰਨ ਦਾ ਯਤਨ ਕਰ ਰਿਹਾ ਹਾਂ। ਸਭ ਤੋਂ ਪਹਿਲਾਂ ਰਾਗੀ ਭਾਈ ਅਵਤਾਰ ਸਿੰਘ ਦੇ ਪਿਤਾ ਜੀ ਰਾਗੀ ਭਾਈ ਜੁਵਾਲਾ ਸਿੰਘ ਦੇ ਕੀਰਤਨ ਘਰਾਣੇ ਬਾਰੇ ਜਾਣ ਲੈਂਦੇ ਹਾਂ:

### ਰਾਗੀ ਭਾਈ ਜੁਵਾਲਾ ਸਿੰਘ ਦਾ ਕੀਰਤਨ ਘਰਾਣਾ

ਗੁਰਮਤਿ ਸੰਗੀਤ ਦੇ ਖੇਤਰ ਵਿਚ ਵਿਸ਼ੇਸ਼ ਕਾਰਜਾਂ ਕਰਕੇ ਰਾਗੀ ਭਾਈ ਜੁਵਾਲਾ ਸਿੰਘ ਆਪਣੇ ਕੀਰਤਨ ਘਰਾਣੇ ਦੀ ਪ੍ਰਮੁੱਖ ਤੇ ਕੇਂਦਰੀ ਸ਼ਖ਼ਸੀਅਤ ਵਜੋਂ ਉਭਰਦੇ ਹਨ। ਆਪ ਨੇ ਆਪਣੇ ਘਰਾਣੇ ਦੀਆਂ ਪੂਰਵਲੀਆਂ ਅਤੇ ਅਗਾਮੀ ਪੀੜ੍ਹੀਆਂ ਨੂੰ ਨਿਰੰਤਰ ਰੂਪ ਵਿਚ ਜੋੜਨ ਵਾਲੀ ਭੂਮਿਕਾ ਨਿਭਾਈ। ਪੂਰਵਲੀਆਂ ਪੀੜ੍ਹੀਆ ਦੁਆਰਾ ਪ੍ਰਦਾਨ ਕੀਤੀ ਗਈ ਸ਼ਬਦ ਕੀਰਤਨ ਸਮੱਗਰੀ ਦੀ ਸੰਗੀਤਕ ਵਿਰਾਸਤ ਨੂੰ ਆਪ ਨੇ ਅਗਾਮੀ ਪੀੜ੍ਹੀਆਂ ਨੂੰ ਸੌਂਪਿਆ ਤੇ ਸੁਰੱਖਿਅਤ ਰੱਖਣ ਦੀ ਤਾਕੀਦ ਵੀ ਕਰਦੇ ਰਹੇ। ਆਪ ਦੀ ਸਿੱਖਿਆ ਪ੍ਰਾਪਤ ਇਸ ਘਰਾਣੇ ਦੀ ਅਗਾਮੀ ਪੀੜ੍ਹੀ ਨੇ ਇਸ ਸੰਗੀਤ ਨਿਧੀ ਨੂੰ ਸੁਰੱਖਿਅਤ ਰੱਖਣ ਤੋਂ ਇਲਾਵਾ ਸਮੁੱਚੇ ਵਿਸ਼ਵਭਰ ਵਿਚ ਸੰਚਾਰਿਤ ਕੀਤਾ।

ਰਾਗੀ ਭਾਈ ਜੁਵਾਲਾ ਸਿੰਘ ਘਰਾਣੇ ਦੀ ਆਪਣੀ ਸੰਗੀਤ (ਕੀਰਤਨ) ਪਰੰਪਰਾ ਪੀੜ੍ਹੀ ਦਰ ਪੀੜ੍ਹੀ ਵਿਹਾਰਕ ਰੂਪ ਵਿਚ ਪ੍ਰਤੱਖ ਹੁੰਦੀ ਹੈ। ਇਸ ਦੇ ਨਾਲ ਇਸ ਕੀਰਤਨ ਘਰਾਣੇ ਵਿਚ ਪੁਰਾਤਨ ਸ਼ਬਦ ਕੀਰਤਨ ਰੀਤਾਂ ਦਾ ਭੰਡਾਰ ਮੌਜੂਦ ਹੈ, ਗਾਇਨ ਸ਼ੈਲੀਆਂ ਦੀ ਪਰੰਪਰਾਗਤ ਮੌਲਿਕਤਾ ਹੈ, ਤੰਤੀ ਸਾਜ਼ਾਂ ਦਾ ਨਿਰੰਤਰ ਕੀਰਤਨ ਹਿਤ ਵਿਸ਼ੇਸ਼ ਰੂਪ ਵਿਚ ਪ੍ਰਯੋਗ ਹੁੰਦਾ ਆ ਰਿਹਾ ਹੈ, ਸੁਰਲਿਪੀਬੱਧ ਕਾਰਜ ਉਪਲੱਬਧ ਹਨ, ਗੁਰਸਿੱਖ ਰਹਿਣੀ-ਬਹਿਣੀ, ਇਸ ਘਰਾਣੇ ਦੇ ਕੀਰਤਨੀਏ ਵੰਸ਼ਜ਼ਾਂ ਵਲੋਂ ਆਪਣੇ ਨਾਮ ਨਾਲ ਖਾਸ ਕਰਕੇ ਭਾਈ ਸ਼ਬਦ ਦਾ ਪ੍ਰਯੋਗ ਕਰਨ ਦੀ ਵਿਸ਼ੇਸ਼ ਪਰੰਪਰਾ ਕਾਇਮ ਰੱਖੀ ਹੈ ਆਦਿ। ਇਸ ਤਰ੍ਹਾਂ ਰਾਗੀ ਭਾਈ ਜੁਵਾਲਾ ਸਿੰਘ ਦੇ ਕੀਰਤਨ ਘਰਾਣੇ ਵਿਚ ਸੰਗੀਤ ਘਰਾਣੇ ਦੇ ਨਾਲ ਨਾਲ ਗੁਰਮਤਿ ਸੰਗੀਤ ਘਰਾਣੇ ਦੀਆਂ ਸਾਰੀਆਂ ਵਿਸ਼ੇਸ਼ਤਾਵਾਂ ਪ੍ਰਤੱਖ ਹਨ।

ਗੁਰਮਤਿ ਸੰਗੀਤ ਪਰੰਪਰਾ ਦੇ ਰਾਗੀ ਭਾਈ ਜੁਵਾਲਾ ਸਿੰਘ ਦੇ ਪੂਰਵਜ਼ ਕੀਰਤਨੀਆਂ ਨੂੰ ਗੁਰੂ ਅਮਰਦਾਸ ਦੇ ਸਮੇਂ ਤੋਂ ਗੁਰਸਿੱਖੀ, ਗੁਰੂ ਅਰਜਨ ਦੇਵ ਜੀ ਤੋਂ ਕੀਰਤਨ ਅਤੇ ਗੁਰੂ ਗੋਬਿੰਦ ਸਿੰਘ ਸਮੇਂ ਅੰਮ੍ਰਿਤ ਦੀ ਦਾਤ ਪ੍ਰਾਪਤ ਹੋਈ। ਇਸ ਤਰ੍ਹਾਂ ਰਾਗੀ ਭਾਈ ਜੁਵਾਲਾ ਸਿੰਘ ਦੇ ਪੂਰਵਜ ਗੁਰੂ ਕਾਲ ਤੋਂ ਕੀਰਤਨ ਨਾਲ ਜੁੜੇ ਆ ਰਹੇ ਸਨ। ਇਸ ਘਰਾਣੇ ਦੇ ਪੂਰਵਲੇ ਕੀਰਤਨੀਆਂ ਵਿਚ ਭਾਈ ਕਪੂਰ ਸਿੰਘ, ਭਾਈ ਰਾਏ ਸਿੰਘ, ਭਾਈ ਗੋਖਾ ਸਿੰਘ, ਭਾਈ ਭਾਗ ਸਿੰਘ, ਭਾਈ ਝੰਡਾ ਸਿੰਘ, ਭਾਈ ਮੋਹਰ ਸਿੰਘ, ਭਾਈ ਦੇਵਾ ਸਿੰਘ, ਭਾਈ ਬੂੜ ਸਿੰਘ ਦੇ ਨਾਮ ਆਉਂਦੇ ਹਨ। ਰਾਗੀ ਭਾਈ ਜੁਵਾਲਾ ਸਿੰਘ ਦੇ ਸਮਕਾਲੀ ਕੀਰਤਨੀਏ ਭਾਈ ਨਰਾਇਣ ਸਿੰਘ, ਭਾਈ ਸਾਵਨ ਸਿੰਘ, ਭਾਈ ਸੁੰਦਰ ਸਿੰਘ, ਭਾਈ ਸ਼ੇਰ ਸਿੰਘ, ਭਾਈ ਭਗਤ ਸਿੰਘ, ਉਸਤਾਦ ਭਾਈ ਵਸਾਵਾ ਸਿੰਘ ਤੇ ਉਸਤਾਦ ਭਾਈ ਸ਼ਰਧਾ ਸਿੰਘ ਦੇ ਨਾਮ ਪ੍ਰਮੁੱਖ ਹਨ। ਇਸ ਘਰਾਣੇ ਦੀ ਅਗਾਮੀ ਪੀੜ੍ਹੀ ਦੇ ਵੰਸ਼ਜ ਭਾਈ ਅਵਤਾਰ ਸਿੰਘ, ਭਾਈ ਗੁਰਚਰਨ ਸਿੰਘ, ਭਾਈ ਸਵਰਨ ਸਿੰਘ, ਭਾਈ ਕੁਲਤਾਰ ਸਿੰਘ ਭਾਈ ਬਿਕਰਮਜੀਤ ਸਿੰਘ ਅਤੇ ਭਾਈ ਬਲਦੀਪ ਸਿੰਘ ਸ਼ਾਮਿਲ ਹਨ। ਇਸ ਤਰ੍ਹਾਂ ਰਾਗੀ ਭਾਈ ਜੁਵਾਲਾ ਸਿੰਘ ਦੀ ਕੁੱਲ ਵਿਚ ਜਿਥੇ ਕਈ ਪੀੜ੍ਹੀਆਂ ਤੋਂ ਕੀਰਤਨ ਹੁੰਦਾ ਆ ਰਿਹਾ ਸੀ ਉਥੇ ਭਾਈ ਸਾਹਿਬ ਨੇ ਕੀਰਤਨ ਨੂੰ ਹੋਰ ਸਮਕਾਲੀ ਉਸਤਾਦਾਂ ਕੋਲੋਂ ਵਿਧੀਬੱਧ ਰੂਪ ਵਿਚ ਸਿੱਖ ਕੇ ਸ਼ਬਦ ਕੀਰਤਨ ਵਿਚ ਪ੍ਰਤਿਭਾ ਹਾਸਲ ਕੀਤੀ। ਉਪਰੰਤ ਆਪ ਨੇ ਸ਼ਬਦ ਕੀਰਤਨ ਦਾ ਬਹੁਪੱਖੀ ਵਿਕਾਸ ਕੀਤਾ ਅਤੇ ਅੱਗੇ ਇਸ ਦੇ ਕੀਰਤਨੀਏ ਵੀ ਪੈਦਾ ਕੀਤੇ ਜੋ ਇਸ ਘਰਾਣੇ ਦੇ ਕੀਰਤਨੀਏ ਵਜੋਂ ਵਿਚਰੇ ਜਿਨ੍ਹਾਂ ਨੇ ਇਸ ਘਰਾਣੇ ਦਾ ਬਹੁਮੁਖੀ ਤੇ ਬਹੁਪੱਖੀ ਵਿਕਾਸ ਕੀਤਾ। ਉਨ੍ਹਾਂ ਕੀਰਤਨੀਆਂ ਵਿੱਚ ਇੱਕ ਮਹੱਤਵਪੂਰਨ ਨਾਮ ਰਾਗੀ ਅਵਤਾਰ ਸਿੰਘ ਦਾ ਹੈ ਜੋ ਹਮੇਸ਼ਾਂ ਆਪਣੇ ਵੱਡੇ ਭਰਾਤਾ ਭਾਈ ਗੁਰਚਰਨ ਸਿੰਘ ਨਾਲ ਅਭੇਦ ਕੀਰਤਨੀਏ ਹੋ ਕੇ ਵਿਚਰੇ ਭਾਵ ਕੇ ਆਪਣੇ ਆਪ ਨੂੰ ਕਦੇ ਵੀ ਆਪਣੇ ਭਰਾ ਤੋਂ ਅਲੱਗ ਕਰ ਕੇ ਨਹੀਂ ਦੇਖਿਆ। ਅਸੀਂ ਜਿਥੇ ਵੀ ਇਨ੍ਹਾਂ ਦਾ ਨਾਮ ਸੁਣਿਆ ਤੇ ਪੜ੍ਹਿਆ ਉਹ 'ਭਾਈ ਅਵਤਾਰ ਸਿੰਘ ਗੁਰਚਰਨ ਸਿੰਘ' ਦੇ ਰੂਪ ਵਿੱਚ ਹੀ ਦੇਖਿਆ।

**ਰਾਗੀ ਭਾਈ ਅਵਤਾਰ ਸਿੰਘ**

ਰਾਗੀ ਭਾਈ ਜੁਵਾਲਾ ਸਿੰਘ ਦੇ ਘਰਾਣੇ ਦੇ ਪ੍ਰਮੁਖ ਕੀਰਤਨੀਆਂ ਵਿੱਚੋਂ ਰਾਗੀ ਭਾਈ ਅਵਤਾਰ ਸਿੰਘ ਮੋਹਰੀ ਤੇ ਪ੍ਰਮੁਖ ਸਥਾਨ ਰੱਖਦੇ ਹਨ। ਆਪ ਵੀਹਵੀਂ ਸਦੀ ਦੇ ਪ੍ਰਸਿੱਧ ਕੀਰਤਨੀਏ ਅਤੇ ਸੁਰਲਿਪੀਕਾਰ ਵਜੋਂ ਵੀ ਪ੍ਰਮੁਖ ਸਥਾਨ ਰੱਖਦੇ ਹਨ। ਆਪ ਦਾ ਜਨਮ ਮਾਤਾ ਰਣਜੋਧ ਕੋਰ ਦੀ ਕੁੱਖੋਂ ਰਾਗੀ ਭਾਈ ਜੁਵਾਲਾ ਸਿੰਘ ਦੇ ਗ੍ਰਹਿ ਵਿਖੇ ਹੋਇਆ। ਆਪ ਦਾ ਜਨਮ 1925 ਈਸਵੀ ਵਿਚ ਸੈਦਪੁਰ ਜਿਲ੍ਹਾ ਕਪੂਰਥਲਾ ਵਿਖੇ ਹੋਇਆ। ਆਪ ਦੇ ਪਿਤਾ ਭਾਈ ਜਵਾਲਾ ਸਿੰਘ ਪੰਥ ਪ੍ਰਸਿੱਧ ਰਾਗੀ ਸਨ। ਆਪ ਨੇ ਧਰਮਸ਼ਾਲਾ ਵਿਚ ਰਹਿੰਦੇ ਭਾਈ ਪਾਲਾ ਜੀ ਤੋਂ ਗੁਰਮੁਖੀ ਭਾਸ਼ਾ, ਪੰਜ ਗ੍ਰੰਥੀ, ਬਾਈ ਵਾਰਾਂ ਅਤੇ ਭਗਤ ਬਾਣੀ, ਸੁਖਮਨਾ ਬਾਣੀ ਦੇ ਪਾਠ ਦੀ ਸੰਥਿਆ ਪ੍ਰਾਪਤ ਕੀਤੀ। ਆਪ ਜੀ ਨੇ ਆਪਣੇ ਪਿਤਾ ਭਾਈ ਜਵਾਲਾ ਸਿੰਘ ਜੀ ਤੋਂ ਸ਼ਬਦ ਕੀਰਤਨ ਅਤੇ ਤਾਊਸ ਸਾਜ਼ ਵਜਾਉਣ ਦੀ ਸਿੱਖਿਆ ਪ੍ਰਾਪਤ ਕੀਤੀ। ਆਪ ਦਾ ਕੀਰਤਨ ਘਰਾਣਾ ਆਪ ਦੇ ਪਿਤਾ ਭਾਈ ਜੁਵਾਲਾ ਸਿੰਘ ਜੀ ਦੇ ਨਾਮ ਨਾਲ ਪ੍ਰਸਿੱਧ ਹੈ। ਇਸ ਘਰਾਣੇ ਵਿਚ ਆਪ ਦੇ ਵੱਡੇ-ਵਡੇਰੇ ਪੀੜ੍ਹੀ-ਦਰ-ਪੀੜ੍ਹੀ ਸ਼ਬਦ ਕੀਰਤਨ ਕਰਦੇ ਰਹੇ।

ਰਾਗੀ ਭਾਈ ਅਵਤਾਰ ਸਿੰਘ ਦਾ ਵਿਆਹ ਬੀਬੀ ਅਮਰ ਕੌਰ ਨਾਲ ਹੋਇਆ। ਆਪ ਦੇ ਤਿੰਨ ਸਪੁੱਤਰ ਸ. ਰਣਜੀਤ ਸਿੰਘ, ਸ. ਮਨਮੋਹਨ ਸਿੰਘ, ਭਾਈ ਕੁਲਤਾਰ ਸਿੰਘ ਤੇ ਇੱਕ ਲੜਕੀ ਜਸਵਿੰਦਰ ਕੌਰ (ਆਸਟ੍ਰੇਲੀਆ) ਹੈ। ਆਪ ਦੇ ਸਭ ਤੋਂ ਛੋਟੇ ਸਪੁੱਤਰ ਰਾਗੀ ਭਾਈ ਕੁਲਤਾਰ ਸਿੰਘ ਨੇ ਆਪਣਾ ਵਿਵਸਾਇ ਛੱਡ ਕੇ ਆਪਣੀ ਪਿਤਾ ਪੁਰਖੀ ਕੀਰਤਨ ਰੀਤ ਨੂੰ ਅਪਣਾਇਆ।

ਰਾਗੀ ਭਾਈ ਅਵਤਾਰ ਸਿੰਘ ਦਾ ਜੀਵਨ ਗੁਰਮਤਿ ਸੰਗੀਤ ਨੂੰ ਸਮਰਪਿਤ ਸੀ। ਇਸੇ ਕਾਰਨ ਆਪ ਨੇ ਆਪਣੀ ਉਪਜੀਵਕਾ ਦੇ ਸਾਧਨ ਲਈ ਸ਼ਬਦ ਕੀਰਤਨ ਦੀ ਸੇਵਾ ਨੂੰ ਹੀ ਚੁਣਿਆ। ਬਾਲ ਅਵਸਥਾ ਮਹਿਜ 8 ਸਾਲ ਦੀ ਉਮਰ ਵਿਚ ਆਪ ਆਪਣੇ ਪਿਤਾ ਰਾਗੀ ਭਾਈ ਜੁਵਾਲਾ ਸਿੰਘ ਦੇ ਜੱਥੇ ਨਾਲ ਕੈਂਸੀਆ ਵਜਾ ਕੇ ਸੇਵਾ ਕਰਦੇ ਰਹੇ। ਇਸ ਦੇ ਨਾਲ-ਨਾਲ ਆਪ ਤਾਊਸ ਦੀ ਸਿੱਖਿਆ ਵੀ ਆਪਣੇ ਪਿਤਾ ਪਾਸੋਂ ਗ੍ਰਹਿਣ ਕਰਦੇ ਸਨ। ਸੰਗੀਤ ਪ੍ਰਤੀ ਆਪ ਦੀ ਲਗਨ ਹੀ ਸੀ ਕਿ ਆਪ 10 ਸਾਲ ਦੀ ਉਮਰੇ 1935 ਈਸਵੀ ਵਿਚ ਹੀ ਆਪਣੇ ਪਿਤਾ ਨਾਲ ਤਾਊਸ ਵਜਾਉਣਾ ਸ਼ੁਰੂ ਕਰ ਦਿੱਤਾ ਸੀ। ਇਸ ਤਰ੍ਹਾਂ ਆਪ ਜਿੱਥੇ ਆਪਣੇ ਪਿਤਾ ਨਾਲ ਵੱਖ-ਵੱਖ ਸਥਾਨਾਂ 'ਤੇ ਕੀਰਤਨ ਹਿਤ

ਨਾਲ ਜਾਂਦੇ ਉਥੇ ਨਾਲ-ਨਾਲ ਆਪਣੇ ਕੀਰਤਨ ਤੇ ਸਾਜ਼ ਦਾ ਅਭਿਆਸ ਵੀ ਨਿਰੰਤਰ ਕਰਦੇ। ਆਪ ਨੇ ਲਗਭਗ 10 ਸਾਲ 1936 ਤੋਂ 1946 ਈਸਵੀ ਤੱਕ ਆਪਣੇ ਪਿਤਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਕੀਰਤਨ ਅਤੇ ਸਾਜ਼ਾਂ ਦਾ ਅਭਿਆਸ ਕੀਤਾ। ਇਸ ਦੇ ਨਾਲ-ਨਾਲ ਉਨ੍ਹਾਂ ਨਾਲ ਬਤੌਰ ਸਹਾਇਕ ਵਜੋਂ ਕੀਰਤਨ ਵੀ ਕਰਦੇ ਰਹੇ। ਆਪ ਦੇ ਨਾਲ ਆਪ ਦੇ ਵੱਡੇ ਭਰਾਤਾ ਭਾਈ ਗੁਰਚਰਨ ਸਿੰਘ ਜੋੜੀ ਵਿਚ ਮੁਹਾਰਤ ਰੱਖਦੇ ਸਨ, ਵੀ ਨਿਰੰਤਰ ਆਪਣੇ ਪਿਤਾ ਤੋਂ ਸਮਾਨਾਂਤਰ ਕੀਰਤਨ ਦੀ ਸਿੱਖਿਆ ਹਾਸਲ ਕਰਦੇ ਰਹੇ। ਆਪ ਦੋਵੇਂ ਭਰਾ ਇਕੱਠੇ ਬੈਠ ਕੇ ਘੰਟਿਆ ਬੱਧੀ ਰਿਆਜ਼ ਵੀ ਕਰਦੇ ਸਨ। ਇਸ ਦਾ ਨਤੀਜਾ ਇਹ ਹੋਇਆ ਕਿ ਆਪ ਦੋਵਾਂ ਦੀ ਆਪਸ ਵਿਚ ਚੰਗੀ ਮਿਲਤ ਹੋ ਗਈ। ਆਪ ਨੇ ਅੱਠ ਫਰਵਰੀ 1946 ਵਿਚ ਪਹਿਲੀ ਵਾਰ ਆਪਣੇ ਵੱਖਰੇ ਕੀਰਤਨੀ ਜਥੇ ਦੇ ਤੌਰ ਤੇ ਕੀਰਤਨ ਕੀਤਾ। ਉਦੋਂ ਆਪ ਦੀ ਉਮਰ 20 ਸਾਲ ਦੀ ਸੀ। ਇਹ ਕੀਰਤਨ ਆਪ ਨੇ ਸੰਤ ਬਾਬਾ ਭਾਗ ਸਿੰਘ ਦੀ ਯਾਦ ਵਿਚ ਇੱਕ ਸੌ ਇੱਕ ਸ੍ਰੀ ਅਖੰਡ ਪਾਠ ਦੀ ਸਮਾਪਤੀ ਜੋੜ ਮੇਲੇ 'ਤੇ ਕੀਤਾ ਸੀ। ਉਪਰੰਤ ਆਪ ਸੁਤੰਤਰ ਕੀਰਤਨੀ ਜਥੇ ਦੇ ਰੂਪ ਵਿਚ ਹੀ ਕੀਰਤਨ ਕਰਨ ਲੱਗ ਪਏ। ਆਪ ਦੇ ਨਾਲ ਭਾਈ ਰਤਨ ਸਿੰਘ ਜੋੜੀ ਤੇ ਸਾਥ ਦਿੰਦੇ ਸਨ। ਇਸ ਤੋਂ ਇਲਾਵਾ ਆਪ ਆਪਣੇ ਪਿਤਾ ਰਾਗੀ ਭਾਈ ਜੁਵਾਲਾ ਸਿੰਘ ਦੇ ਨਾਲ ਪ੍ਰਮੁਖ ਕੀਰਤਨ ਸਮਾਗਮਾਂ ਤੇ ਵੀ ਕੀਰਤਨ ਦੀ ਸੇਵਾ ਪਹਿਲਾਂ ਦੀ ਤਰ੍ਹਾਂ ਨਿਭਾਉਂਦੇ ਰਹੇ। ਆਪ ਦੇ ਪਿਤਾ ਦਾ ਦਿੱਲੀ ਦੀਆਂ ਸੰਗਤਾਂ ਬਹੁਤ ਸਤਿਕਾਰ ਕਰਦੀਆਂ ਸਨ। 1952 ਈਸਵੀ ਵਿਚ ਆਪ ਦੇ ਪਿਤਾ ਕਾਲ ਵੱਸ ਹੋ ਗਏ। 1953-54 ਵਿਚ ਸੰਗਤਾਂ ਦੇ ਪਿਆਰ ਸਤਿਕਾਰ ਸਦਕਾ ਆਪ ਨੇ ਗੁਰਦੁਆਰਾ ਸ੍ਰੀ ਸੀਸ ਗੰਜ ਸਾਹਿਬ ਦਿੱਲੀ ਵਿਖੇ ਕੀਰਤਨ ਦੀ ਸੇਵਾ ਬਤੌਰ ਹੈੱਡ ਰਾਗੀ ਸ਼ੁਰੂ ਕੀਤੀ। ਉਦੋਂ ਆਪ ਦੇ ਕੀਰਤਨੀ ਜਥੇ ਵਿਚ ਸਹਾਇਕ ਵਜੋਂ ਰਾਗੀ ਭਾਈ ਗੁਰਚਰਨ ਸਿੰਘ ਅਤੇ ਜੋੜੀਵਾਦਕ ਦੇ ਰੂਪ ਵਿੱਚ ਭਾਈ ਸਵਰਨ ਸਿੰਘ (ਭਾਊ ਜੀ) ਸੇਵਾ ਨਿਭਾਅ ਰਹੇ ਸਨ। ਆਪ ਦੇ ਜਥੇ ਨੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ 38 ਸਾਲ ਕੀਰਤਨ ਦੀ ਸੇਵਾ ਨਿਭਾਈ। 13 ਅਪ੍ਰੈਲ 1991 ਵਿਚ ਆਪ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਬਤੌਰ ਰਾਗੀ ਦੀ ਸੇਵਾ ਤੋਂ ਮੁਕਤ ਹੋਏ। ਇਸ ਤੋਂ ਬਾਅਦ ਗੁਰੂ ਅਤੇ ਸੰਗਤ ਦੇ ਪਿਆਰ ਸਦਕਾ ਆਪ ਨੇ ਕੀਰਤਨ ਦੀ ਸੇਵਾ ਬਿਨਾਂ ਕਿਸੇ ਸੇਵਾਫਲ ਦੇ ਨਿਰੰਤਰ ਜਾਰੀ ਰੱਖੀ।

ਰਾਗੀ ਭਾਈ ਅਵਤਾਰ ਸਿੰਘ ਆਪਣੇ ਜੱਥੇ ਸਮੇਤ ਪਹਿਲੀ ਵਾਰ 1975-76 ਵਿਚ ਵਿਦੇਸ਼ ਯਾਤਰਾ ਹਿਤ ਯੂ.ਕੇ. ਗਏ ਜਿੱਥੇ ਆਪ ਦੇ ਜੱਥੇ ਨੂੰ ਸੰਗਤਾਂ ਤੋਂ ਬਹੁਤ ਪਿਆਰ ਮਿਲਿਆ। ਇਸ ਤੋਂ ਬਾਅਦ ਆਪ ਕਈ ਵਾਰ ਜਿਵੇਂ 1979, 1989, 2000, 2006 ਆਦਿ ਯੂ.ਐਸ.ਏ. ਵਿਚ ਜਾਂਦੇ ਰਹੇ। ਇਸ ਤੋਂ ਇਲਾਵਾ ਇਸੇ ਸੰਦਰਭ ਵਿਚ ਆਪ ਆਪਣੇ ਜੀਵਨ ਕਾਲ ਵਿਚ ਵਿਭਿੰਨ ਦੇਸ਼ ਜਿਵੇਂ ਅਮਰੀਕਾ, ਕੈਨੇਡਾ, ਫਰਾਂਸ, ਸਪੇਨ ਆਦਿ ਗਏ ਤੇ ਕੀਰਤਨ ਨਾਲ ਸੰਗਤਾਂ ਦਾ ਪਿਆਰ ਪ੍ਰਾਪਤ ਕਰਦੇ ਰਹੇ। ਇਸ ਤੋਂ ਇਲਾਵਾ ਆਪ ਨੂੰ ਸ੍ਰੀ ਦਰਬਾਰ ਸਾਹਿਬ, ਸ੍ਰੀ ਹਜ਼ੂਰ ਸਾਹਿਬ, ਤਖਤ ਸ੍ਰੀ ਕੇਸ ਗੜ੍ਹ ਸਾਹਿਬ, ਤਖਤ ਸ੍ਰੀ ਪਟਨਾ ਸਾਹਿਬ, ਸੀਸ ਗੰਜ ਦਿੱਲੀ, ਬੰਗਲਾ ਸਾਹਿਬ, ਦਿੱਲੀ ਦੇ ਸਾਰੇ ਇਤਿਹਾਸਕ ਤੇ ਗੈਰ ਇਤਿਹਾਸਕ ਗੁਰਅਸਥਾਨਾਂ ਸਮੇਤ ਅਨੇਕ ਗੁਰ ਸਥਾਨਾਂ ਤੇ ਕੀਰਤਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਆਪ ਦੇ ਪਿਤਾ ਨੇ ਅਕਾਲੀ ਆਗੂ ਬਾਬਾ ਖੜਗ ਸਿੰਘ ਦੇ ਵੱਡੇ ਬੇਟੇ ਦੇ ਅਨੰਦ ਕਾਰਜ ਕਰਵਾਏ ਸਨ 1954-55 ਵਿਚ ਆਪ ਨੇ ਉਨ੍ਹਾਂ ਦੇ ਛੋਟੇ ਬੇਟੇ ਦੇ ਅਨੰਦ ਕਾਰਜ ਅੰਬਾਲਾ ਵਿਖੇ ਕਰਵਾਏ ਸਨ।

**ਕੀਰਤਨੀ ਜੱਥਾ ਤੇ ਕੀਰਤਨ ਸ਼ੈਲੀ**: ਰਾਗੀ ਭਾਈ ਅਵਤਾਰ ਸਿੰਘ ਦੇ ਕੀਰਤਨੀ ਜਥੇ ਵਿਚ ਤਿੰਨ ਤੋਂ ਪੰਜ ਤੱਕ ਸਾਥੀ ਸਹਾਇਕ ਕੀਰਤਨ ਦੀ ਸੇਵਾ ਨਿਭਾਉਂਦੇ ਰਹੇ। ਆਪ ਤਾਊਸ, ਹਰਮੋਨੀਅਮ ਨਾਲ ਕੀਰਤਨ ਕਰਦੇ ਰਹੇ। ਆਪ ਦੇ ਨਾਲ ਲਗਭਗ 46 ਸਾਲ (1946-1992 ਤੱਕ) ਸਹਾਇਕ ਵਜੋਂ ਸੇਵਾ ਆਪ ਦੇ ਵੱਡੇ ਭਰਾਤਾ ਰਾਗੀ ਭਾਈ ਗੁਰਚਰਨ ਸਿੰਘ ਨੇ ਨਿਭਾਈ। ਲਗਭਗ 54 ਸਾਲ (1952-2006 ਤੱਕ) ਜੋੜੀ ਦੀ ਸੇਵਾ ਭਾਈ ਸਵਰਨ ਸਿੰਘ (ਭਾਊ) ਨੇ ਨਿਭਾਈ। 1992 ਵਿਚ ਭਾਈ ਗੁਰਚਰਨ ਸਿੰਘ ਦੇ ਕੈਨੇਡਾ ਜਾਣ ਕਾਰਨ ਆਪ ਦੇ ਜੱਥੇ ਦੇ ਸਹਾਇਕ ਤੌਰ ਤੇ ਕੀਰਤਨ ਕਰਨ ਵਾਲੇ ਸਾਥੀ ਬਦਲਦੇ ਰਹੇ। ਭਾਈ ਗੁਰਚਰਨ ਸਿੰਘ ਤੋਂ ਬਆਦ ਆਪ ਨਾਲ ਭਾਈ ਤੇਜਪਾਲ ਸਿੰਘ ਸਹਾਇਕ ਦੇ ਤੌਰ ਤੇ ਕੀਰਤਨ ਕਰਦੇ ਰਹੇ। 1998 ਤੋਂ ਆਪ ਦੇ ਜੱਥੇ ਨਾਲ ਆਪ ਦੇ ਹੀ ਸਭ ਤੋਂ ਛੋਟੇ ਸਪੁੱਤਰ ਰਾਗੀ ਕੁਲਤਾਰ ਸਿੰਘ ਪੱਕੇ ਤੌਰ ਤੇ ਜੁੜ ਗਏ। ਆਪ ਦੇ ਜੀਵਨ ਦੇ ਅੰਤ 2006 ਤਕ ਨਾਲ ਹੀ ਰਹੇ। ਇਸ ਤੋਂ ਇਲਾਵਾ ਜੱਥੇ ਵਿਚ ਆਪ ਦੇ ਰਿਸ਼ਤੇ ਵਿਚ ਪੋਤਰੇ ਭਾਈ ਬਲਦੀਪ ਸਿੰਘ ਭਤੀਜੇ ਭਾਈ ਬਿਕਰਮਜੀਤ ਸਿੰਘ ਆਦਿ ਵੀ ਸਟੇਜ਼ 'ਤੇ ਚੋਥੇ ਪੰਜਵੇ ਸਹਾਇਕ ਦੇ ਰੂਪ ਵਿਚ ਸੇਵਾ ਨਿਭਾਉਂਦੇ ਰਹੇ। ਆਪ ਦੀ ਕੀਰਤਨ ਸ਼ੈਲੀ ਹੂ-ਬ-ਹੂ ਰਾਗੀ

ਭਾਈ ਜੁਵਾਲਾ ਸਿੰਘ ਵਾਲੀ ਹੀ ਸੀ। ਆਪ ਦੁਆਰਾ ਸੁਰਲਿਪੀਬੱਧ ਰਾਗੀ ਭਾਈ ਜੁਵਾਲਾ ਸਿੰਘ ਦੇ ਘਰਾਣੇ ਦੀਆਂ ਸ਼ਬਦ ਕੀਰਤਨ ਰਚਨਾਵਾਂ ਨੂੰ ਆਪ ਨੇ ਸਾਰੀ ਉਮਰ ਗਾਇਆ ਅਤੇ ਉਸ ਪਰੰਪਰਾਗਤ ਕੀਰਤਨ ਸ਼ੈਲੀ ਨੂੰ ਤਰੋ ਤਾਜ਼ਾ ਰੱਖਿਆ। ਇਹ ਸ਼ਬਦ ਕੀਰਤਨ ਰਚਨਾਵਾਂ ਧਰੁਪਦ, ਧਮਾਰ, ਖਿਆਲ, ਪੜਤਾਲ, ਧੁਨੀਆਂ ਦੇ ਰੂਪ ਵਿਚ ਅੰਕਿਤ ਹਨ। ਆਪ ਦੀ ਕੀਰਤਨ ਸ਼ੈਲੀ ਨੂੰ ਜਿਥੇ ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ ਦੇ ਅੰਤਰਗਤ ਦੇਖਿਆ ਤੇ ਪੜ੍ਹਿਆ ਜਾ ਸਕਦਾ ਹੈ ਉਥੇ ਵਿਭਿੰਨ ਆਡਿਓ ਵੀਡਿਓ ਦੇ ਰੂਪ ਵਿਚ ਸੁਣਿਆ ਤੇ ਦੇਖਿਆ ਜਾ ਸਕਦਾ ਹੈ।

**ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ** : ਰਾਗੀ ਭਾਈ ਅਵਤਾਰ ਸਿੰਘ ਨੇ ਸ਼ਬਦ ਕੀਰਤਨ ਨੂੰ ਕੇਵਲ ਗਾਇਆ ਹੀ ਨਹੀਂ ਸਗੋਂ ਇਸ ਦੀ ਸੰਭਾਲ ਹਿਤ ਵਿਸ਼ੇਸ਼ ਯਤਨ ਵੀ ਕੀਤੇ। ਆਪ ਨੇ ਕਈ ਸਾਲਾਂ ਦੀ ਸਖਤ ਮਿਹਨਤ ਨਾਲ ਪ੍ਰਾਚੀਨ ਰੀਤਾਂ ਨੂੰ ਸੁਰਲਿਪੀਬੱਧ ਕੀਤਾ। ਆਪ ਦੁਆਰਾ ਆਪਣੇ ਵੱਡੇ ਭਰਾਤਾ ਰਾਗੀ ਭਾਈ ਗੁਰਚਰਨ ਸਿੰਘ ਨਾਲ ਸਾਂਝੇ ਤੌਰ ਤੇ 'ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ' ਨਾਮਕ ਪੁਸਤਕ (ਦੋ ਭਾਗ) 1973-1979 ਈਸਵੀ ਵਿਚ ਰਚੀ। ਇਸ ਪੁਸਤਕ ਨੂੰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ 1979 ਈਸਵੀ ਵਿਚ ਪ੍ਰਕਾਸ਼ਿਤ ਕਰਵਾਇਆ। ਇਸ ਪੁਸਤਕ ਦੇ ਅੰਤਰਗਤ ਰਾਗੀ ਭਾਈ ਜੁਵਾਲਾ ਸਿੰਘ ਦੀਆਂ ਸ਼ਬਦ ਕੀਰਤਨ ਰਚਨਾਵਾਂ ਦਰਜ਼ ਹਨ। ਇਹ ਸ਼ਬਦ ਕੀਰਤਨ ਰਚਨਾਵਾਂ ਆਪ ਕੋਲ ਪੀੜ੍ਹੀ ਦਰ ਪੀੜ੍ਹੀ ਮੌਖਿਕ ਰੂਪ ਵਿਚ ਪਹੁੰਚੀਆਂ ਜਿਨ੍ਹਾਂ ਨੂੰ ਆਪ ਨੇ ਆਪਣੇ ਪਿਤਾ ਪਾਸੋਂ ਸਿੱਖਿਆ। ਇਸ ਕਾਰਜ ਨਾਲ ਜਿੱਥੇ ਰਾਗੀ ਭਾਈ ਜੁਵਾਲਾ ਸਿੰਘ ਦੀ ਕੀਰਤਨ ਸ਼ੈਲੀ ਹਮੇਸ਼ਾਂ ਲਈ ਸੁਰੱਖਿਅਤ ਹੋਈ ਹੈ ਉੱਥੇ ਇਹ ਗੁਰਮਤਿ ਸੰਗੀਤ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਲਾਹੇਵੰਦ ਸਿੱਧ ਹੋਣਗੀਆਂ। ਆਪ ਨੇ ਕਈ ਦਫਾ ਇਹ ਜ਼ਿਕਰ ਕੀਤਾ ਹੈ ਕਿ ਇਹ ਸ਼ਬਦ ਕੀਰਤਨ ਰਚਨਾਵਾਂ ਸਾਨੂੰ ਸਾਡੇ ਪਿਤਾ ਰਾਗੀ ਭਾਈ ਜੁਵਾਲਾ ਸਿੰਘ ਤੋਂ ਪ੍ਰਾਪਤ ਹੋਈਆਂ ਹਨ। ਆਪ ਦੇ ਪਿਤਾ ਕੋਲ ਜਿੱਥੇ ਆਪਣੇ ਪੂਰਵਜ਼ਾਂ ਦਾ ਸੰਗੀਤਕ ਭੰਡਾਰ ਮੌਜ਼ੂਦ ਸੀ ਉੱਥੇ ਭਾਈ ਸ਼ਰਧਾ ਸਿੰਘ, ਭਾਈ ਵਸਾਵਾ ਸਿੰਘ ਦੀ ਕੀਰਤਨ ਸ਼ੈਲੀ ਵੀ ਮੌਜੂਦ ਸੀ। ਇਹ ਪੁਸਤਕ ਗੁਰਮਤਿ ਸੰਗੀਤ ਪਰੰਪਰਾ ਦੀਆਂ ਸ਼ਬਦ ਕੀਰਤਨ ਰਚਨਾਵਾਂ ਦੇ ਹਵਾਲੇ ਨਾਲ ਮਹੱਤਵਪੂਰਨ ਸਥਾਨ ਰੱਖਦੀ ਹੈ। ਆਪ ਪਹਿਲੇ ਸ਼ਬਦ ਕੀਰਤਨ ਰਚਨਾਕਾਰ ਹੋਏ ਹਨ ਜਿਨ੍ਹਾਂ ਜੋ ਸ਼ਬਦ ਕੀਰਤਨ ਰਚਨਾਵਾਂ ਨੂੰ ਸੁਰਲਿਪੀਬੱਧ ਕੀਤਾ ਹੈ, ਉਨ੍ਹਾਂ ਨੂੰ ਰਿਕਾਰਡ ਵੀ ਕਰਾਇਆ ਹੈ। ਇਹ ਕਾਰਜ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਹਿੱਸੇ ਆਇਆ ਹੈ। ਰਾਗੀ ਭਾਈ ਅਵਤਾਰ ਸਿੰਘ ਦੀ ਜਾਣਕਾਰੀ ਨਾਲ ਸਬੰਧਿਤ ਆਨ ਲਾਇਨ ਲਿੰਕਸ ਤੇ ਵੈਬਸਾਇਟਸ ਵੀ ਉਪਲੱਬਧ ਹਨ ਜਿਨ੍ਹਾਂ ਤੋਂ ਆਪ ਦੇ ਜੀਵਨ ਬਾਰੇ ਵਿਸਤ੍ਰਿਤ ਵੇਰਵੇ ਪ੍ਰਾਪਤ ਹੁੰਦੇ ਹਨ।

ਰਾਗੀ ਭਾਈ ਅਵਤਾਰ ਸਿੰਘ ਨੇ ਗੁਰਮਤਿ ਸੰਗੀਤ ਦੀ ਮੂਲ ਪਰੰਪਰਾ ਨੂੰ ਕਾਇਮ ਰੱਖਣ ਦਾ ਸਫ਼ਲ ਯਤਨ ਕੀਤਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਵਾਰਾਂ ਦੀਆਂ ਧੁਨੀਆਂ ਗੁਰਬਾਣੀ ਸਥਾਈ ਅੰਤਰਾ ਦੀ ਪਰੰਪਰਾਗਤ ਸ਼ੈਲੀ ਵਿਚ ਨਿਬੱਧ ਕੀਤੇ ਹਨ ਅਤੇ ਜਿੱਥੇ ਗਾਇਆ ਹੈ ਉੱਥੇ ਉਨ੍ਹਾਂ ਨੂੰ ਸੁਰਲਿਪੀਬੱਧ ਵੀ ਕੀਤਾ ਹੈ। ਆਪ ਦੁਆਰਾ ਕੀਰਤਨ ਦੇ ਖੇਤਰ ਵਿਚ ਕੀਤੇ ਲਾਸਾਨੀ ਕਾਰਜਾਂ ਦੇ ਕਾਰਨ ਆਪ ਨੂੰ ਕਈ ਸੰਸਥਾਵਾਂ ਨੇ ਸਨਮਾਨਿਤ ਕੀਤਾ।

- ਪੰਜਾਬ ਸਰਕਾਰ ਨੇ ਆਪ ਦੀ ਕੀਰਤਨ ਸੇਵਾ ਹਿਤ ਟਰਾਫੀ, ਦੁਸ਼ਾਲਾ, ਨਕਦ ਰਾਸ਼ੀ ਅਤੇ ਸ਼੍ਰੋਮਣੀ ਰਾਗੀ ਐਵਾਰਡ ਪ੍ਰਦਾਨ ਕੀਤਾ।
- 1980 ਵਿਚ ਪੰਜਾਬੀ ਸਾਹਿਤ ਸਮੀਖਿਆ ਬੋਰਡ ਵਲੋਂ ਗੁਰਬਾਣੀ ਦੀਆਂ ਪੁਸਤਕਾਂ ਵਿਚੋਂ ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ ਪੁਸਤਕ ਸਰਬੋਤਮ ਚੁਣੀ ਗਈ, ਸ੍ਰੀ ਆਈ. ਕੇ. ਗੁਜਰਾਲ (ਸਾਬਕਾ ਪ੍ਰਧਾਨ ਮੰਤਰੀ) ਤੇ ਗਿਆਨੀ ਲਾਲ ਸਿੰਘ ਜੀ ਪਾਸੋਂ ਸਨਮਾਨ ਪ੍ਰਾਪਤ ਹੋਇਆ।
- 1980 ਵਿਚ ਗੁਰਦੁਆਰਾ ਰਕਾਬ ਗੰਜ ਦਿੱਲੀ ਪ੍ਰਬੰਧਕ ਕਮੇਟੀ ਵਲੋਂ ਵਿਸ਼ੇਸ਼ ਸਨਮਾਨ ਨਾਲ ਸਨਮਾਨਿਤ ਕੀਤਾ।
- 1980 ਵਿਚ ਕਮਾਨੀ ਹਾਲ ਵਿਚ ਇੰਡੀਅਨ ਕੌਂਸਲ ਆਫ ਸਿੱਖ ਅਫੇਅਰਜ਼ ਵਲੋਂ ਨਿਰਧਾਰਤ ਰਾਗਾਂ ਵਿਚ ਹੋਏ ਪਹਿਲੇ ਕੀਰਤਨ ਦਰਬਾਰ ਵਲੋਂ 2100( ਰੁਪਏ ਦਾ ਪਹਿਲਾ ਇਨਾਮ ਪ੍ਰਾਪਤ ਹੋਇਆ।
- 1982 ਵਿਚ ਗੁਰਦੁਆਰਾ ਪ੍ਰਬੰਧਕ ਕਮੇਟੀ ਸੂਬਾ ਦਿੱਲੀ ਵਲੋਂ ਪ੍ਰਮੁਖ ਰਾਗੀ ਆਵਾਰਡ ਦੇ ਨਾਲ

51000/ ਰੁਪਏ, ਇਕ ਸ੍ਰੀ ਸਾਹਿਬ, ਇਕ ਦੁਸ਼ਾਲਾ ਅਤੇ ਸਨਮਾਨ-ਪੱਤਰ ਸ੍ਰ. ਸੁਲੱਖਣ ਸਿੰਘ ਜੀ ਪ੍ਰਧਾਨ ਅਤੇ ਡਾ. ਜਸਪਾਲ ਸਿੰਘ ਜੀ ਸੈਕਟਰੀ ਵਲੋਂ ਪ੍ਰਾਪਤ ਹੋਇਆ।

- 1983 ਵਿਚ ਇੰਡੀਅਨ ਕੌਂਸਲ ਫਾਰ ਸਿੱਖ ਅਫੇਅਰਜ਼ ਦੇ ਚੇਅਰਮੈਨ ਸ੍ਰ. ਸੁਰਜੀਤ ਸਿੰਘ ਬਰਨਾਲਾ ਵਲੋਂ ਗੋਲਡਨ ਜੁਬਲੀ ਹਾਲ ਵਿਚ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਤੋਂ ਗੁਰਮਤਿ ਸੰਗੀਤ ਸਨਮਾਨ, ਸ਼ਾਲ ਅਤੇ ਟਰਾਫੀ ਚਿੰਨ੍ਹ ਨਾਲ ਸਨਮਾਨਿਤ ਕੀਤਾ ਗਿਆ।
- 1984 ਵਿਚ ਭਾਸ਼ਾ ਵਿਭਾਗ ਪੰਜਾਬ ਸਰਕਾਰ ਵਲੋਂ ਪਹਿਲਾ ਸ਼੍ਰੋਮਣੀ ਰਾਗੀ ਐਵਾਰਡ ਨਕਦ ਰਾਸ਼ੀ 5100/ ਰੁਪਏ ਅਤੇ ਸ਼ਾਲ ਟਰਾਫੀ ਨਾਲ ਸਨਮਾਨਿਤ ਕੀਤਾ ਗਿਆ।
- 1984 ਵਿਚ ਪੰਜਾਬ ਐਂਡ ਸਿੰਧ ਬੈਂਕ ਦੇ ਚੇਅਰਮੈਨ ਸ੍ਰ. ਇੰਦਰਜੀਤ ਸਿੰਘ ਜੀ ਵਲੋਂ ਸਨਮਾਨਿਤ ਕੀਤਾ ਗਿਆ।
- ਪੰਜਾਬ ਅਕੈਡਮੀ ਦਿੱਲੀ ਵਲੋਂ ਨਕਦ ਰਾਸ਼ੀ 15000/ ਰੁਪਏ, ਟਰਾਫੀ ਅਤੇ ਸ਼ਾਲ ਪ੍ਰਾਪਤ ਹੋਇਆ।
- ਸੰਤ ਸੁਜਾਨ ਸਿੰਘ ਪਹਿਲਾ ਐਵਾਰਡ ਨਕਦ ਰਾਸ਼ੀ 11000/ ਰੁਪਏ ਅਤੇ ਸ਼ਾਲ ਪ੍ਰਾਪਤ ਹੋਇਆ।
- 1992 ਵਿਚ 25000/ (ਅੱਖਰੀ ਪੰਝੀ ਹਜ਼ਾਰ ਰੁਪਏ) ਸ਼ਾਲ ਅਤੇ ਚਿੰਨ੍ਹ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਜਵੱਦੀ ਕਲਾਂ, ਲੁਧਿਆਣਾ ਵਲੋਂ ਪ੍ਰਾਪਤ ਹੋਇਆ।
- 1992 ਵਿਚ ੧ਓ ਵਾਲਾ ਚਿੰਨ੍ਹ ਮਾਇਆ ਤੇ ਸ਼ਾਲ ਸਨਮਾਨ, ਅਦੁੱਤੀ ਗੁਰਸ਼ਬਦ ਸੰਗੀਤ ਸੰਮੇਲਨ ਜਵੱਦੀ ਕਲਾਂ, ਲੁਧਿਆਣਾ ਵਲੋਂ ਪ੍ਰਾਪਤ ਹੋਇਆ।
- 1996 ਵਿਚ ਭਾਈ ਮਰਦਾਨਾ ਯਾਦਗਾਰੀ ਕੀਰਤਨ ਆਦਿਕ ਸਨਮਾਨਾਂ ਦੀ ਪ੍ਰਾਪਤੀ ਹੋਈ।
- 2004 ਵਿਚ ਪੰਜਾਬੀ ਸੰਗੀਤ ਨਾਟਕ ਅਕੈਡਮੀ, ਚੰਡੀਗੜ੍ਹ ਦੁਆਰਾ 'ਸੰਗੀਤ ਪੁਰਸਕਾਰ' ਨਾਲ ਸਨਮਾਨਿਤ ਕੀਤਾ ਗਿਆ।
- 2005-06 ਵਿਚ ਗੁਰਮਤਿ ਸੰਗੀਤ ਚੇਅਰ, ਪੰਜਾਬੀ ਯੂਨੀਵਰਸਿਟੀ ਵੱਲੋਂ ਆਪ ਨੂੰ ਸੀਨੀਅਰ ਫੈਲੋਸ਼ਿਪ ਵੀ ਪ੍ਰਦਾਨ ਕੀਤੀ ਗਈ।

ਰਾਗੀ ਭਾਈ ਅਵਤਾਰ ਸਿੰਘ ਦੇ ਸ਼ਾਗਿਰਦਾਂ ਵਿਚ ਭਾਈ ਸਵਰਨ ਸਿੰਘ, ਭਾਈ ਕੁਲਤਾਰ ਸਿੰਘ, ਭਾਈ ਬਿਕਰਮਜੀਤ ਸਿੰਘ (ਭਾਈ ਗੁਰਚਰਨ ਸਿੰਘ ਦੇ ਸਪੁੱਤਰ), ਡਾ. ਇੰਦਰਜੀਤ ਸਿੰਘ, ਬੀਬਾ ਏਕਸ਼ਰਨ ਕੌਰ, ਬੀਬਾ ਭਾਵਨਾ ਕੌਰ ਆਦਿ ਦੇ ਨਾਮ ਵਰਨਣਯੋਗ ਹਨ। ਆਪ ਨੇ ਆਪਣੇ ਕੀਰਤਨ ਘਰਾਣੇ ਦੀ ਗਾਇਕੀ ਨੂੰ ਕੇਵਲ ਪ੍ਰਚਾਰਿਆ ਤੇ ਸੰਭਾਲਿਆ ਹੀ ਨਹੀਂ ਸਗੋਂ ਉਸ ਨੂੰ ਭਾਈ ਕੁਲਤਾਰ ਸਿੰਘ ਦੇ ਰੂਪ ਵਿਚ ਅੱਗੇ ਵੀ ਤੋਰਿਆ। 24 ਨਵੰਬਰ 2006 ਨੂੰ ਪੁਰਾਤਨ ਕੀਰਤਨ ਗਾਇਕੀ ਦੇ ਸ਼ਬਦ ਕੀਰਤਨ ਆਚਾਰੀਆ ਦੇ ਸੁਰ ਹਮੇਸ਼ਾਂ ਲਈ ਸ਼ਾਂਤ ਹੋ ਗਏ।

ਰਾਗੀ ਭਾਈ ਅਵਤਾਰ ਸਿੰਘ ਨੇ ਰਾਗੀ ਭਾਈ ਜੁਵਾਲਾ ਸਿੰਘ ਦੇ ਘਰਾਣੇ ਦੀਆਂ ਸਦੀਆਂ ਤੋਂ ਚਲੀਆਂ ਆ ਰਹੀਆਂ ਸ਼ਬਦ ਕੀਰਤਨ ਦੀਆਂ ਰੀਤਾਂ ਨੂੰ ਦੇਸ਼ ਵਿਚ ਹੀ ਨਹੀਂ ਸਗੋਂ ਵਿਸ਼ਵ ਪੱਧਰ 'ਤੇ ਪ੍ਰਚਾਰਿਆ। ਆਪ ਨੇ ਇਨ੍ਹਾਂ ਪੁਰਾਤਨ ਰੀਤਾਂ ਨੂੰ ਸੁਰਲਿਪੀਬੱਧ ਕੀਤਾ। ਇਸ ਦੇ ਨਾਲ ਗੁਰਮਤਿ ਸੰਗੀਤ ਸ਼ਬਦ ਕੀਰਤਨ ਰਚਨਾਵਾਂ ਦਾ ਭੰਡਾਰ ਪ੍ਰਫੁੱਲਿਤ ਹੋਇਆ। ਇਹ ਰਚਨਾਵਾਂ ਗੁਰਮਤਿ ਸੰਗੀਤ ਦੇ ਸਿਖਿਆਰਥੀਆਂ, ਵਿਦਿਆਰਥੀਆਂ, ਅਧਿਆਪਕਾਂ ਅਤੇ ਕੀਰਤਨੀਆਂ ਲਈ ਬਹੁਤ ਹੀ ਅਣਮੁੱਲਾ ਖਜ਼ਾਨਾ ਹੈ। ਇਸ ਦੇ ਨਾਲ ਆਪ ਨੇ ਗੁਰਮਤਿ ਸੰਗੀਤ ਦੀ ਤੰਤੀ ਸ਼ਾਜ ਪਰੰਪਰਾ ਨੂੰ ਤਾਊਸ ਦੇ ਹਵਾਲੇ ਨਾਲ ਸਮਾਨਾਂਤਰ ਤੋਰੀ ਰੱਖਿਆ। ਆਪ ਦੀਆਂ ਸੈਕੜੇਂ ਸ਼ਬਦ ਕੀਰਤਨ ਰੀਤਾਂ ਆਡਿਓ ਵੀਡਿਓ ਦੇ ਰੂਪ ਵਿਚ ਪ੍ਰਾਪਤ ਹੁੰਦੀਆਂ ਹਨ। ਇਸ ਪਰਿਪੇਖ ਵਿਚ ਆਪ ਗੁਰਮਤਿ ਸੰਗੀਤ ਪਰੰਪਰਾ ਅਤੇ ਰਾਗੀ ਭਾਈ ਜੁਵਾਲਾ ਸਿੰਘ ਦੇ ਕੀਰਤਨ ਘਰਾਣੇ ਦੇ ਚਮਕਦੇ ਸਿਤਾਰੇ ਸਨ।

ਰਾਗੀ ਭਾਈ ਅਵਤਾਰ ਸਿੰਘ ਜੀ ਦੇ 100ਵੇਂ ਜਨਮ ਦਿਨ ਦੇ ਦਿਹਾੜੇ 'ਤੇ ਉਨ੍ਹਾਂ ਵਲੋਂ ਗੁਰਮਤਿ ਸੰਗੀਤ ਦੇ ਖੇਤਰ ਵਿੱਚ ਕੀਤੇ ਕਾਰਜਾਂ ਨੂੰ ਆਪਣੀ ਸਿਮ੍ਰਤੀ ਵਿੱਚ ਵਿਚਾਰਦਿਆਂ ਇੱਕ ਅਜਿਹੀ ਮਹਾਨ ਸਖਸ਼ੀਅਤ ਕਲਪਿਤ ਹੁੰਦੀ ਹੈ ਜਿਸ ਨੂੰ ਅਖਰਾਂ ਵਿੱਚ ਉਤਾਰਨਾ ਅਸੰਭਵ ਹੈ।

ਭੁੱਲਾਂ ਚੁੱਕਾਂ ਦੀ ਖਿਮਾ। **ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ॥**

**ਮੋ. +1 (818) 571-8920**

## ਸੰਦਰਭ ਪੁਸਤਕਾਂ


1. ਗੁਰਚਰਨ ਸਿੰਘ 'ਕੰਵਲ' (ਰਾਗੀ), **ਜੀਵਨ ਗਾਥਾ: ਭਾਈ ਸਾਹਿਬ ਜੁਵਾਲਾ ਸਿੰਘ ਜੀ ਰਾਗੀ**


2. ਗੁਰਦਿੱਤ ਸਿੰਘ (ਗਿਆਨੀ), **ਗੁਰਮੁਖ ਕੀਰਤਨੀਏ: ਭਾਈ ਸਾਹਿਬ ਜੁਵਾਲਾ ਸਿੰਘ ਜੀ**, ਸਿੰਘ ਸਭਾ ਪਤ੍ਰਿਕਾ ਭਾਈ ਜੁਵਾਲਾ ਸਿੰਘ ਜੀ ਰਾਗੀ ਅੰਕ, ਜਨਵਰੀ ਫਰਵਰੀ 1986


3. ਗੁਰਨਾਮ ਸਿੰਘ (ਡਾ.), **ਸੈਦਪੁਰ ਠੱਠਾ ਟਿੱਬਾ ਸ਼ਬਦ ਕੀਰਤਨ ਦੀ ਪ੍ਰਾਚੀਨ ਟਕਸਾਲ**, ਧਰਮ ਤੇ ਵਿਰਸਾ, ਅਜੀਤ, ਮਿਤੀ 16-10-2012

4. ਜਬਰਜੰਗ ਸਿੰਘ, **ਗੁਰਮਤਿ ਸੰਗੀਤ ਦੀਆਂ ਸ਼ਬਦ ਕੀਰਤਨ ਰਚਨਾਵਾਂ: ਵਿਸ਼ਲੇਸ਼ਣਾਤਮਕ ਅਧਿਐਨ**, ਪੀਐਚ ਡੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2013

5. ਅਵਤਾਰ ਸਿੰਘ ਗੁਰਚਰਨ ਸਿੰਘ (ਭਾਈ), **ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ**

6. http://www.sikhiwiki.org/ index.php / Bhai _ Avtar _ Singh _ and _ his_ father _ Bhai_Jawala _ Singh

## ਗੁਰਮੁਖ ਪਿਆਰੇ ਕੀਰਤਨੀਏ

# ਭਾਈ ਅਵਤਾਰ ਸਿੰਘ ਜੀ ਰਾਗੀ

**ਅਰਸ਼ਦੀਪ ਸਿੰਘ**

ਪੜਤਾਲਾਂ ਬਾਰੇ ਮੈਨੂੰ ਕੁੱਝ ਸਮਝ ਜਰੂਰ ਸੀ ਪਰ ਜੱਦ ਮੈਂ ਇਹ ਰਾਗ ਬਿਲਾਵਲ ਦੀ ਪੜਤਾਲ ਭਾਈ ਅਵਤਾਰ ਸਿੰਘ ਜੀ ਰਾਗੀ ਦੀ ਰਸਣਾ ਤੋਂ ਸਰਵਣ ਕੀਤੀ ਤਦ ਜੋ ਸ਼ਾਂਤੀ ਮੰਨ ਨੂੰ ਮਿਲੀ ਉਹ ਸ਼ਬਦਾਂ ਰਾਹੀਂ ਬਿਆਨ ਨਹੀਂ ਕੀਤੀ ਜਾ ਸਕਦੀ। ਧੰਨ ਸ਼੍ਰੀ ਗੁਰੂ ਰਾਮਦਾਸ ਸਾਹਿਬ ਜੀ ਅਤੇ ਗੁਰੂ ਅਰਜਨ ਦੇਵ ਸਾਹਿਬ ਜੀ ਮਹਾਰਾਜ ਨੇ ਐਸੀ ਨਿਵੇਕਲੀ ਸੰਗੀਤਕ ਕਲਾ ਗੁਰਸਿੱਖਾਂ ਦੀ ਝੋਲੀ ਪਾਈ ਜੋ ਕਿ ਹਿੰਦੁਸਤਾਨ ਦੇ ਕਿਸੇ ਵੀ ਪੁਰਾਤਨ ਸੰਗੀਤਕ ਗ੍ਰੰਥਾਂ ਵਿੱਚ ਨਹੀਂ ਮਿਲਦੀ।

ਇਸ ਪੜਤਾਲ ਦੀ ਅਸਥਾਈ ਛੋਟੀ ਤਿੰਨਤਾਲ ਵਿੱਚ ਗਾਈ ਜਾਂਦੀ ਹੈ, ਦੋ ਅੰਤਰੇ ਇਕਤਾਲਾ ਵਿੱਚ ਅਤੇ ਅਖੀਰੀ ਅੰਤਰਾ ਢਈਆ ਜਾਂ ਰੂਪਕ ਵਿੱਚ। ਕੀਰਤਨੀਆਂ ਵੱਲੋਂ ਗਾਈਆਂ ਗਈਆਂ ਐਸੀਆਂ ਪੁਰਾਤਨ ਰੀਤਾਂ ਸ਼ਬਦ ਦੇ ਨਾਲ ਬਿਲਕੁਲ ਢੁਕਦੀਆਂ ਹਨ ਅਤੇ ਸ਼ਬਦ ਦੇ ਅਰਥ ਨੂੰ ਸਾਫ਼ ਬਿਆਨ ਕਰਦੀਆਂ ਹਨ ।

**ਰਾਗ ਬਿਲਾਵਲੁ ਮਹਲਾ ੫ ਘਰੁ ੧੩ ਪੜਤਾਲ**
**ੴ ਸਤਿਗੁਰ ਪ੍ਰਸਾਦਿ ॥**
**ਮੋਹਨ ਨੀਦ ਨ ਆਵੈ ਹਾਵੈ ਹਾਰ ਕਜਰ ਬਸਤ੍ਰ ਅਭਰਨ ਕੀਨੇ ॥**
**ਉਡੀਨੀ ਉਡੀਨੀ ਉਡੀਨੀ ॥**
**ਕਬ ਘਰਿ ਆਵੈ ਰੀ ॥੧॥ ਰਹਾਉ ॥**
**ਸਰਨਿ ਸੁਹਾਗਨਿ ਚਰਨ ਸੀਸੁ ਧਰਿ ॥**
**ਲਾਲਨੁ ਮੋਹਿ ਮਿਲਾਵਹੁ ॥ ਕਬ ਘਰਿ ਆਵੈ ਰੀ ॥੧॥**
**ਸੁਨਹੁ ਸਹੇਰੀ ਮਿਲਨ ਬਾਤ ਕਹਉ ॥**
**ਸਗਰੋ ਅਹੰ ਮਿਟਾਵਹੁ ਤਉ ਘਰ ਹੀ ਲਾਲਨੁ ਪਾਵਹੁ ॥**
**ਤਬ ਰਸ ਮੰਗਲ ਗੁਨ ਗਾਵਹੁ ॥**
**ਆਨਦ ਰੂਪ ਧਿਆਵਹੁ ॥**
**ਨਾਨਕੁ ਦੁਆਰੈ ਆਇਓ ॥**
**ਤਉ ਮੈ ਲਾਲਨੁ ਪਾਇਓ ਰੀ ॥੨॥**
**ਮੋਹਨ ਰੂਪੁ ਦਿਖਾਵੈ ॥**
**ਅਬ ਮੋਹਿ ਨੀਦ ਸੁਹਾਵੈ ॥**
**ਸਭ ਮੇਰੀ ਤਿਖਾ ਬੁਝਾਨੀ ॥**
**ਅਬ ਮੈ ਸਹਿਜ ਸਮਾਨੀ ॥**
**ਮੀਠੀ ਪਿਰਹਿ ਕਹਾਨੀ ॥**
**ਮੋਹਨੁ ਲਾਲਨੁ ਪਾਇਓ ਰੀ ॥ ਰਹਾਉ ਦੂਜਾ (ਅੰਗ ੮੩੦)**

ਪਹਿਲੇ ਦੋ ਅੰਤਰੇ ਜਿਨ੍ਹਾਂ ਵਿੱਚ ਗੁਰੂ ਅਰਜਨ ਦੇਵ ਸਾਹਿਬ ਜੀ ਮੋਹਨ ਭਾਵ ਪ੍ਰਭੂ ਨੂੰ ਮਿਲਣ ਦੀ ਤਾਂਘ ਵਿੱਚ ਸੰਤਾਂ ਦੇ ਚਰਨਾਂ ਵਿਚ ਬੇਨਤੀ ਕਰਦੇ ਹਨ ਅਤੇ ਪੁੱਛਦੇ ਹਨ ਕਿ ਮੇਰਾ ਪਤੀ ਮੇਰੇ ਹਿਰਦੇ ਰੂਪੀ ਘਰ ਵਿਚ ਕੱਦ ਆਵੇਗਾ, ਪਤੀ ਨੂੰ ਮਿਲਣ ਦੀਆਂ ਗੱਲਾਂ ਕਰਦੇ ਹਨ ਅਤੇ ਪ੍ਰਭੂ ਦਾ ਸਿਮਰਨ ਕਰਨ ਉਪਰੰਤ ਜਦ ਨਾਨਕ (ਗੁਰੂ ਸਾਹਿਬ ਆਪ, ਦਾਸ ਵਜੋਂ) ਮਹਾਰਾਜ ਦੇ ਦੁਆਰ ਤੇ ਆਏ, ਫੇਰ ਉਹਨਾਂ ਨੇ ਪਿਆਰੇ ਪਤੀ ਨੂੰ ਪਾਇਆ ਹੈ। ਇਹ ਦੋਨੋ ਅੰਤਰੇ ਇਕਤਾਲੇ ਵਿੱਚ ਚੱਲਦੇ ਹਨ ਜਦ ਤੱਕ ਮੋਹਨ ਭਾਵ ਪਤੀ-ਪ੍ਰਭੂ ਦੇ ਦਰਸ਼ਨ ਨਹੀਂ ਹੋਏ ਅਤੇ ਦਰਸ਼ਨਾਂ

ਦੀ ਤਾਂਘ ਵਿੱਚ ਹਨ। ਫੇਰ ਜਦ ਆਖਰੀ ਅੰਤਰਾ- ਮੋਹਨ ਰੂਪੁ ਦਿਖਾਵੈ॥ ਅਬ ਮੋਹਿ ਨੀਦ ਸੁਹਾਵੈ॥ ਹੁਣ ਮੋਹਿਨ ਹਰ ਜਗ੍ਹਾ ਆਪਣਾ ਸੋਹਣਾ ਰੂਪ ਦਿਖਾ ਰਿਹਾ ਹੈ, ਸਾਰੀ ਤ੍ਰਿਖਾ ਰੂਪੀ ਅਗਨੀ ਬੁਝ ਗਈ ਹੈ ਅਤੇ ਪਿਆਰਾ ਮੋਹਿਨ ਭਾਵ ਪਤੀ-ਪ੍ਰਭੂ ਪਾ ਲਿਆ ਹੈ। ਇਹ ਅੰਤਰਾ ਰੂਪਕ ਵਿਚ ਚਲਦਾ ਹੈ-ਮਾਣੋ ਕਿ ਜਦ ਇਸਤਰੀ ਰੂਪੀ ਮਨ ਸ਼ਾਂਤ ਹੋ ਗਿਆ, ਪਿਆਸ ਬੁੱਝ ਗਈ ਤਦ ਇਹ ਸ਼ਬਦ ਦਾ ਆਖਰੀ ਚਰਨ ਇਸ ਤਰ੍ਹਾਂ ਮੱਧ ਲੈਅ ਵਿਚ ਗਾਇਆ ਜਾਂਦਾ ਹੈ।

ਇਨ੍ਹਾਂ ਪੁਰਾਤਨ ਕੀਰਤਨੀਆਂ ਵਿਚੋਂ ਹੀ ਇੱਕ ਕੀਰਤਨੀਏ ਭਾਈ ਅਵਤਾਰ ਸਿੰਘ ਜੀ ਰਾਗੀ, ਜਿਨ੍ਹਾਂ ਨੇ ੫੪ ਸਾਲ ਗੁਰਦੁਆਰਾ ਸੀਸ ਗੰਜ ਸਾਹਿਬ ਅਤੇ ਗੁਰਦੁਆਰਾ ਬੰਗਲਾ ਸਾਹਿਬ, ਦਿੱਲੀ ਵਿਖੇ ਕੀਰਤਨ ਸੇਵਾਵਾਂ ਨਿਭਾਈਆਂ। ਭਾਈ ਅਵਤਾਰ ਸਿੰਘ ਜੀ ਭਾਈ ਜਵਾਲਾ ਸਿੰਘ ਜੀ ਠੱਠੇ-ਟਿੱਬੇ ਵਾਲਿਆਂ ਦੇ ਸਪੁੱਤਰ ਹਨ। ਬਚਪਣ ਤੋਂ ਹੀ ਭਾਈਸਾਬ ਜੀ ਕੀਰਤਨ ਦੇ ਲੜ ਲੱਗੇ ਹੋਏ ਸਨ। ਤਿਨਾਂ ਦੇ ਵੱਡੇ ਭਰਾ, ਭਾਈ ਗੁਰਚਰਨ ਸਿੰਘ ਜੀ ਰਾਗੀ ਆਪਣੇ ਪਿਤਾ ਜੀ ਭਾਈ ਜਵਾਲਾ ਸਿੰਘ ਜੀ ਨਾਲ ਜੋੜੀ ਵਜਾਉਂਦੇ ਸਨ ਅਤੇ ਭਾਈ ਅਵਤਾਰ ਸਿੰਘ ਜੀ ਤਾਊਸ। ਜਦ ਭਾਈਸਾਬ ਨੇ ਇਨ੍ਹਾਂ ਦੋਨੋ ਭਰਾਵਾ ਨੂੰ ਅਲੱਗ ਜੱਥਾ ਬਣਾਉਣ ਲਈ ਕਿਹਾ ਤਦ ਉਹਨਾਂ ਨੇ ਭਾਈ ਸਵਰਨ ਸਿੰਘ ਜੀ ਰਾਗੀ ਨੂੰ ਇਨ੍ਹਾਂ ਨੂੰ ਸੌਂਪ ਦਿੱਤਾ, ਜੋ ਕਿ ਇਸ ਪਰਿਵਾਰ ਦੀਆਂ ੪ ਪੀੜ੍ਹੀਆਂ ਨਾਲ ਜੋੜੀ ਵਜਾ ਚੁੱਕੇ ਹਨ। ਭਾਈ ਸਵਰਨ ਸਿੰਘ ਜੀ ਨੂੰ ਭਾਈ ਗੁਰਚਰਨ ਸਿੰਘ ਜੀ ਅਤੇ ਭਾਈ ਅਵਤਾਰ ਸਿੰਘ ਜੀ ਨੇ ਆਪਣੇ ਬੱਚਿਆਂ ਵਾਂਗ ਹੀ ਕੀਰਤਨ ਅਤੇ ਜੋੜੀ ਸਿਖਾਈ।

੬੦-੭੦-੮੦ ਦੇ ਦਹਾਕਿਆਂ ਵਿੱਚ ਸ਼ਾਇਦ ਹੀ ਕੋਈ ਕੀਰਤਨ ਪਸੰਦ ਵਿਅਕਤੀ ਸੀ ਜਿਨ੍ਹਾਂ ਨੂੰ ਭਾਈ ਅਵਤਾਰ ਸਿੰਘ ਅਤੇ ਭਾਈ ਗੁਰਚਰਨ ਸਿੰਘ ਦੇ ਜੱਥੇ ਬਾਰੇ ਨਾ ਪਤਾ ਹੋਵੇ। ਭਾਈਸਾਬ ਜੀ ਨੇ ਸਾਰੀ ਉਮਰ ਗੁਰਮਤਿ ਮਰਿਆਦਾ ਅਨੁਸਾਰ ਕੀਰਤਨ ਕੀਤਾ ਅਤੇ ਕਦੀ ਵੀ ਕੀਰਤਨ ਤੇ ਬਾਹਰੀ ਧੁਨਾਂ ਦਾ ਅਸਰ ਨਹੀਂ ਪੈਣ ਦਿੱਤਾ। ੧੯੭੧ ਵਿਚ ਜਦ ਇਨ੍ਹਾਂ ਦਾ ਜੱਥਾ ਅਤੇ ਕੁਝ ਨਾਮਵਰ ਰਾਗੀ ਜੱਥੇ UK ਵਿਖੇ ਇੱਕ ਕੀਰਤਨ ਦਰਬਾਰ ਵਿੱਚ ਹਾਜ਼ਰੀਆਂ ਭਰ ਰਹੇ ਸਨ ਤਦ ਉਹਨਾਂ ਨਾਮਵਰ ਰਾਗੀਆਂ ਨੇ ਭਾਈਸਾਬ ਜੀ ਦੇ ਜੱਥੇ ਨੂੰ ਇਹ ਗੱਲ ਆਖੀ ਕਿ ਤੁਸੀਂ ਤਾਂ ਕਹਿਦੇ ਹੋ ਕਿ ਤੁਹਾਡੇ ਕੋਲ ਬਹੁਤ ਕੀਰਤਨ ਖ਼ਜ਼ਾਨਾ ਹੈ ਪਰ ਅਸੀਂ ਤਾਂ ਕਦੇ ਨਹੀਂ ਸੁਣਿਆ, ਫੇਰ ਭਾਈ ਗੁਰਚਰਨ ਸਿੰਘ ਜੀ ਭਾਈ ਅਵਤਾਰ ਸਿੰਘ ਜੀ ਦੇ ਜੱਥੇ ਨੇ ਕਾਫੀ ਅੰਗ ਦੇ ਸਿਰੀਰਾਗ ਦੇ ਸਮੇਤ ਹੋਰ ਏਸੇ ਧ੍ਰੁਪਦ ਸੁਣਾਏ ਜਿਸ ਨਾਲ ਉਹਨਾਂ ਨਾਮਵਰ ਰਾਗੀਆਂ ਦੀਆਂ ਸਾਰੀਆਂ ਸ਼ੰਕਾਵਾਂ ਦੂਰ ਹੋ ਗਈਆਂ ਸਨ।

ਸਮੇਂ ਦੇ ਨਾਲ ਕੀਰਤਨ, ਧ੍ਰੁਪਦ ਗਾਉਣ ਦਾ ਢੰਗ ਭਾਈਸਾਬ ਜੀ ਨੇ ਕੁਝ ਹੱਦ ਤੱਕ, ਸੰਗਤਾਂ ਨੂੰ ਸਮਝ ਆ ਜਾਏ ਇਸ ਤਰ੍ਹਾਂ ਬਦਲਿਆ ਪਰ ਉਹਦੀ ਬਣਤਰ ਓਹੀ ਰੱਖੀ ਅਤੇ ਖਿਆਲ ਅੰਗ ਵਿੱਚ ਤਬਦੀਲ ਨਹੀਂ ਕੀਤਾ।

ਸਾਰੀ ਉਮਰ ਭਾਈਸਾਬ ਜੀ ਨੇ ਗੁਰੂ ਦਾ ਹਰਿ-ਜੱਸ ਗਾਵਿਆ। ਉਹਨਾਂ ਨੇ ਕਹਿਣਾ ਕੇ ਸ਼ਬਦ ਨੂੰ ਹਮੇਸ਼ਾ ਰਾਗ ਦੇ ਘਨੇਰੇ ਚੜ੍ਹਾ ਕੇ ਰੱਖਣਾ ਤਾਂ ਕਿ ਰਾਗ ਕਦੇ ਵੀ ਸ਼ਬਦ ਤੋਂ ਉੱਤੇ ਨਾ ਹੋਵੇ, ਆਖਿਰਕਾਰ ਤਾਂ ਸ਼ਬਦ ਹੀ ਪ੍ਰਧਾਨ ਹੈ। ਉਹਨਾਂ ਨੇ ਕਦੇ ਵੀ ਕੀਰਤਨ ਵਿੱਚ ਸਰਗਮਾਂ ਦਾ ਪ੍ਰਯੋਗ ਨਹੀਂ ਕੀਤਾ। ਜਿਆਦਾਤਰ ਹਿੰਦੁਸਤਾਨੀ ਸੰਗੀਤਕਾਰਾਂ ਤੋਂ ਸਿੱਖੇ ਕੀਰਤਨੀਏ ਸਰਗਮਾਂ ਦਾ ਪ੍ਰਯੋਗ ਕਰਦੇ ਹਨ ਜਿਹਦਾ ਕਿ ਕੀਰਤਨ ਵਿਚ ਕੋਈ ਮਤਲਬ ਨਹੀਂ ਜਾਪਦਾ। ਉਹਨਾਂ ਨੇ ਕਹਿਣਾ ਕਿ ਭਾਈ ਆਪਾਂ ਕੀਰਤਨ ਗੁਰੂ ਨੂੰ ਸੁਣਾਉਣਾ ਹੈ, ਸੰਗਤ ਗੁਰੂ ਦੀ ਹੈ, ਜੇ ਗੁਰੂ ਖੁਸ਼ ਹੋਏਗਾ ਤਾਂ ਸੰਗਤ ਖੁਸ਼ ਹੋਵੇਗੀ ਜੇ ਸਿਰਫ਼ ਸੰਗਤ ਨੂੰ ਹੀ ਖੁਸ਼ ਕਰ ਦਿੱਤਾ ਤੇ ਗੁਰੂ ਖੁਸ਼ ਨਾ ਹੋਇਆ, ਇਹ ਤਾਂ ਗਲਤ ਹੋਵੇਗਾ।

ਸਮੇਂ ਦੇ ਪ੍ਰਭਾਵ ਕਾਰਨ ਸਾਜ਼ ਤਾਂ ਬਦਲੇ, ਪਰ ਕੀਰਤਨ ਓਹੀ ਰਿਹਾ ਅਤੇ ਉਸੇ ਢੰਗ ਨਾਲ ਹੀ ਕੀਤਾ। ਭਾਈ ਗੁਰਚਰਨ ਸਿੰਘ ਜੀ ਨਾਲ ਭਾਈ ਅਵਤਾਰ ਸਿੰਘ ਜੀ ਹਾਰਮੋਨੀਅਮ ਤੇ ਹੀ ਨਜ਼ਰ ਆਉਂਦੇ ਸਨ। ਬਾਹਰੀ ਪ੍ਰਭਾਵ ਨੂੰ ਦੇਖਦਿਆਂ ਸੰਤ ਸੁੱਚਾ ਸਿੰਘ ਜੀ ਜਵੱਦੀ ਟਕਸਾਲ ਵਾਲਿਆਂ ਦੇ ਉਪਰਾਲੇ ਸਦਕਾ ਦੁਬਾਰਾ ਫਿਰ ਤੋਂ ਗੁਰੂ ਘਰਾਂ ਵਿਚ ਪੁਰਾਤਨ ਢੰਗ ਨਾਲ ਕੀਰਤਨ ਹੋਣ ਲੱਗਾ। ਰਾਗਾਂ ਦੇ ਸਰੂਪ ਬਦਲੇ ਜਾਣਾ ਹੋਰ ਵਿਸ਼ਾ ਹੈ ਪਰ ਗੁਰਮਤਿ

ਸੰਗੀਤ ਦਾ ਪ੍ਰਚਾਰ ਵਧਣ ਲੱਗਾ। ਭਾਈ ਅਵਤਾਰ ਸਿੰਘ ਜੀ ਨੇ ਸਨ 2000 ਤੋਂ ਬਾਅਦ, ਆਪਣੀ ਜ਼ਿੰਦਗੀ ਦੇ ਅਖੀਰੀ ਵਰ੍ਹਿਆਂ ਵਿੱਚ ਦੁਬਾਰਾ ਫਿਰ ਤੋਂ ਭਾਈ ਬਲਦੀਪ ਸਿੰਘ ਜੀ ਦੇ ਹੱਥੋਂ ਬਣੀ ਤਾਊਸ ਨਾਲ ਕੀਰਤਨ ਕੀਤਾ। ਉਹਨਾਂ T-Series, Sony Music, ਅਤੇ Times Music ਤੋਂ ਪੁਰਾਤਨ ਰੀਤਾਂ ਰਿਕਾਰਡ ਕਰਵਾਈਆਂ ਅਤੇ ਸੰਗਤਾਂ ਦੀਆਂ ਝੋਲੀਆਂ ਪਈਆਂ। ਉਹਨਾਂ ਨੇ ਕਦੇ ਇਹ ਨਹੀਂ ਸਮਝਿਆ ਕੀ ਕੀਮਤੀ ਪੁਰਾਤਨ ਰੀਤਾਂ ਸਾਡੀਆਂ ਹਨ, ਸਾਨੂੰ ਪਰਿਵਾਰ ਵਿਚੋਂ ਮਿਲੀਆਂ ਹਨ ਤੇ ਇਹਨਾਂ ਨੂੰ ਬਾਹਰ ਨਾ ਕੱਢਿਆ ਜਾਵੇ, ਸਦਾ ਹੀ ਕਹਿਣਾ ਕੀ ਇਹ ਪੰਥ ਦਾ ਖ਼ਜ਼ਾਨਾ ਹੈ ਅਤੇ ਅਸੀਂ ਪੰਥ ਦੀ ਹੀ ਝੋਲੀ ਪਾਇਆ ਹੈ।

ਐਸੇ ਮਹਾਨ ਕੀਰਤਨੀਏ, ਜਿਨ੍ਹਾਂ ਦੀ ਅਸੀਂ ਇਸ ਸਾਲ, ੨੦੨੬ ਵਿਚ ੧੦੦ਵੀਂ ਵਰ੍ਹੇਗੰਢ ਮਨਾ ਰਹੇ ਹਾਂ। Nād Music Institute ਅਤੇ ਮਾਤਾ ਸੁੰਦਰੀ ਕਾਲੇਜ, ਦਿੱਲੀ ਦੇ ਸਾਂਝੇ ਉਪਰਾਲੇ ਸਦਕਾ ਉਹਨਾਂ ਦੀ ਯਾਦ ਵਿੱਚ ਇੱਕ ਰੋਜ਼ਾ ਅੰਤਰਾਸ਼ਟਰੀ ਸੈਮੀਨਾਰ ਕਰਵਾਇਆ ਗਿਆ ਜਿਸ ਵਿੱਚ ਕੀਰਤਨ ਵਿਦਵਾਨਾਂ ਅਤੇ ਬੁਲਾਰਿਆਂ ਨੇ ਭਾਈਸਾਬ ਭਾਈ ਅਵਤਾਰ ਸਿੰਘ ਜੀ ਦੇ ਜੀਵਨ ਅਤੇ ਉਹਨਾਂ ਦੇ ਘਰਾਣੇ ਬਾਰੇ ਦੱਸਿਆ। ਭਾਈਸਾਬ ਜੀ ਦੀ ੧੦੦ਵੀਂ ਵਰ੍ਹੇਗੰਢ ਮਨਾਉਂਦਿਆਂ ਭਾਈ ਗੁਰਸੇਵ ਸਿੰਘ ਜੀ ਦੇ ਉਪਰਾਲੇ ਸਦਕਾ ਗੁਰਦੁਆਰਾ ਸਾਧ ਸੰਗਤ, ਰੇਗਨ ਰੋਡ, ਬਰੈਂਪਟਨ, ਕੈਨੇਡਾ ਵਿਖੇ ਵੀ ਕੀਰਤਨ ਦਰਬਾਰ ਉਲੀਕੇ ਗਏ।

ਇਹ ਖੁਸ਼ੀ ਦੀ ਗੱਲ ਹੈ ਕਿ ਭਾਈ ਅਵਤਾਰ ਸਿੰਘ ਜੀ ਦੇ ਸਪੁੱਤਰ ਭਾਈ ਕੁਲਤਾਰ ਸਿੰਘ ਜੀ ਅਤੇ ਭਾਈ ਸਵਰਨ ਸਿੰਘ ਜੀ ਅੱਜ ਵੀ ਉਸੇ ਢੰਗ ਨਾਲ ਹੀ ਕੀਰਤਨ ਕਰਦੇ ਹਨ। ਭਾਈ ਸਵਰਨ ਸਿੰਘ ਜੀ ਦੀ ਉਮਰ ੯੦ ਸਾਲ ਹੋ ਚੱਲੀ ਹੈ ਪਰ ਜਿਹੜੇ ਜੋਸ਼ ਨਾਲ ਉਹ ਅੱਜ ਵੀ ਜੋੜੀ ਵਜਾਉਂਦੇ ਹਨ, ਜਵਾਨ ਵੀ ਉਸ ਜੋਸ਼ ਨਾਲ ਜੋੜੀ ਨਹੀਂ ਵਜਾ ਸਕਦੇ, ਮਹਾਰਾਜ ਦੀ ਐਸੀ ਕਿਰਪਾ ਹੈ। ਭਾਈ ਸਵਰਨ ਸਿੰਘ ਜੀ, ਜਿਨ੍ਹਾਂ ਨੇ ਪਹਿਲਾਂ ਭਾਈ ਜਵਾਲਾ ਸਿੰਘ ਜੀ, ਫਿਰ ਭਾਈ ਅਵਤਾਰ ਸਿੰਘ ਜੀ ਅਤੇ ਹੁਣ ਭਾਈ ਕੁਲਤਾਰ ਸਿੰਘ ਜੀ ਨਾਲ ਜੋੜੀ ਵਜਾ ਰਹੇ ਹਨ, ਨੂੰ ਦੇਖ ਕੇ ਹੀ ਕਹਿ ਸਕਦੇ ਹਾਂ:

**ਗੁਰਮੁਖਿ ਬੁਢੇ ਕਦੇ ਨਾਹੀ ਜਿਨ੍ਾ ਅੰਤਰਿ ਸੁਰਤਿ ਗਿਆਨੁ॥**

**Email:** arshdeep.gs@icloud.com

# ਮਾਣ ਪੱਤਰ:

ਸਿੱਖ ਗੁਰੂ ਸਾਹਿਬਾਨ ਦੁਆਰਾ ਵਰੋਸਾਈ ਗੁਰਮਤਿ ਸੰਗੀਤ ਪ੍ਰੰਪਰਾ ਦੇ ਅਨਿੰਨ ਸਾਧਕ ਭਾਈ ਅਵਤਾਰ ਸਿੰਘ ਜੀ ਰਾਸ਼ਟਰੀ ਅਤੇ ਅੰਤਰ ਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਸੰਗੀਤਚਾਰੀਆ ਹਨ। ਸਮੁੱਚੇ ਸੰਗੀਤ ਜਗਤ ਵਿਚ ਆਪ ਨੂੰ ਟਕਸਾਲੀ ਗੁਰਮਤਿ ਸੰਗੀਤ ਪਰੰਪਰਾ ਦੇ ਪ੍ਰਮੁੱਖ ਵਿਦਵਾਨ ਅਤੇ ਗੁਰੂ ਕਾਲ ਤੋਂ ਪ੍ਰਚਲਿਤ ਕੀਰਤਨ ਰੀਤਾਂ ਦੀ ਅਨਮੋਲ ਧਰੋਹਰ ਦੇ ਵਾਰਸ ਮੰਨਿਆ ਜਾਂਦਾ ਹੈ। ਭਾਈ ਅਵਤਾਰ ਸਿੰਘ ਜੀ ਨੇ ਕੀਰਤਨ ਦੀ ਆਰੰਭਿਕ ਸਿੱਖਿਆ ਆਪਣੇ ਪਿਤਾ ਸ੍ਰ: ਭਾਈ ਜਵਾਲਾ ਸਿੰਘ ਜੀ, ਠੱਠਾ ਟਿੱਬਾ ਵਾਲਿਆਂ ਤੋਂ ਪ੍ਰਾਪਤ ਕੀਤੀ। ਆਪ ਜੀ ਦੇ ਪਰਿਵਾਰ ਨੂੰ ਪਿਛਲੀਆਂ ਗਿਆਰਾਂ ਪੀੜ੍ਹੀਆਂ ਤੋਂ ਗੁਰੂ ਘਰ ਦੀ ਕੀਰਤਨ ਦੁਆਰਾ ਸੇਵਾ ਕਰਨ ਦਾ ਮਾਣ ਪ੍ਰਾਪਤ ਹੈ। ਭਾਈ ਸਾਹਿਬ ਗੁਰਦੁਆਰਾ ਸੀਸ ਗੰਜ ਸਾਹਿਬ ਅਤੇ ਗੁਰਦੁਆਰਾ ਬੰਗਲਾ ਸਾਹਿਬ, ਦਿੱਲੀ ਦੇ ਪਾਵਨ ਸਥਾਨ ਉਤੇ 1954 ਤੋਂ ਨਿਰੰਤਰ ਕੀਹਤਨ ਦੀ ਸੇਵਾ ਕਰਦੇ ਆ ਰਹੇ ਹਨ। ਆਪ ਨੇ ਦੇਸ਼ ਵਿਦੇਸ਼ ਦੇ ਗੁਰਮਤਿ ਸੰਗੀਤ ਸੰਮੇਲਨਾਂ, ਕੀਰਤਨ ਦਰਬਾਰਾਂ ਵਿਚ ਆਪਣੀ ਸ਼ਮੂਲੀਅਤ ਦੁਆਰਾ ਵਿਸ਼ੇਸ਼ ਨਾਮਣਾ ਖੱਟਿਆ ਹੈ।

ਭਾਈ ਅਵਤਾਰ ਸਿੰਘ ਜੀ ਦੇ ਕੀਰਤਨ ਖ਼ਜ਼ਾਨੇ ਵਿਚ ਗੁਰੂ ਘਰ ਦੀਆਂ ਪ੍ਰੰਪਰਾਗਤ ਰੀਤਾਂ ਦਾ ਅਖੁੱਟ ਭੰਡਾਰ ਮੌਜੂਦ ਹੈ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਇਹ ਸੰਗੀਤ ਰਚਨਾਵਾਂ ਪੁਸਤਕ ਰੂਪ ਵਿਚ 'ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ' ਵਜੋਂ ਪ੍ਰਕਾਸ਼ਿਤ ਕਰਨ ਦਾ ਮਾਣ ਪ੍ਰਾਪਤ ਕੀਤਾ ਹੈ। ਕਿਰਿਆਤਮਕ ਰੂਪ ਵਿਚ ਵੱਖ ਵੱਖ ਰਿਕਾਰਡਿੰਗ ਕੰਪਨੀਆਂ ਦੁਆਰਾ ਆਪ ਜੀ ਦੀ 38 ਘੰਟਿਆਂ ਦੀ ਕੀਰਤਨ ਰਿਕਾਰਡਿੰਗ ਰਿਲੀਜ਼ ਕੀਤੀ ਗਈ ਹੈ। ਦੇਸ਼ ਵਿਦੇਸ਼ ਦੀਆਂ ਅਨੇਕ ਸੰਸਥਾਵਾਂ ਨੇ ਆਪ ਨੂੰ ਵਿਸ਼ੇਸ਼ ਐਵਾਰਡ ਨਾਲ ਪੁਰਸਕ੍ਰਿਤ ਕੀਤਾ ਹੈ ਜਿਨ੍ਹਾਂ ਵਿਚੋਂ 1980 ਵਿਚ ਪੰਜਾਬੀ ਸਾਹਿਤ ਸਮੀਖਿਆ ਬੋਰਡ, ਜਲੰਧਰ ਦੁਆਰਾ 'ਕੀਰਤਨ ਖੋਜ ਪੁਰਸਕਾਰ', 1982 ਵਿਚ ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੁਆਰਾ 'ਪ੍ਰਮੁੱਖ ਰਾਗੀ ਐਵਾਰਡ', 1983 ਵਿਚ ਇੰਡੀਅਨ ਕੌਂਸਿਲ ਆਫ ਸਿੱਖ ਅਫ਼ੇਅਰਜ਼ ਦੁਆਰਾ 'ਗੁਰਮਤਿ ਸੰਗੀਤ ਸਨਮਾਨ', 1984 ਵਿਚ ਪੰਜਾਬ ਸਰਕਾਰ ਦੁਆਰਾ 'ਪਹਿਲਾ ਸ਼੍ਰੋਮਣੀ ਰਾਗੀ ਪੁਰਸਕਾਰ', 1992 ਵਿਚ ਵਿਸਮਾਦ ਨਾਦ ਦੁਆਰਾ 'ਪੁਰਾਤਨ ਕੀਰਤਨੀਆ ਐਵਾਰਡ' ਅਤੇ 2004 ਵਿਚ ਪੰਜਾਬੀ ਸੰਗੀਤ ਨਾਟਕ ਅਕੈਡਮੀ, ਚੰਡੀਗੜ੍ਹ ਦੁਆਰਾ ਸੰਗੀਤ ਪੁਰਸਕਾਰੋ ਵਿਸ਼ੇਸ਼ ਹਨ।

ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਗੁਰਮਤਿ ਸੰਗੀਤ ਚੇਅਰ ਅਤੇ ਗੁਰਮਤਿ ਸੰਗੀਤ ਵਿਭਾਗ ਦੇ ਅਕਾਦਮਿਕ ਕਾਰਜਾਂ ਵਿਚ ਆਪ ਜੀ, ਪ੍ਰੰਪਰਾਗਤ ਟਕਸਾਲੀ ਕੀਰਤਨੀਏ ਹੋਣ ਦੇ ਨਾਤੇ ਵਿਸ਼ੇਸ਼ਗ ਵਜੋਂ ਭੂਮਿਕਾ ਨਿਭਾ ਰਹੇ ਹਨ।

ਭਾਈ ਅਵਤਾਰ ਸਿੰਘ ਗੁਰਮਤਿ ਸੰਗੀਤ ਦੀਆਂ ਆਗਾਮੀ ਪੀੜ੍ਹੀਆਂ ਵਾਸਤੇ ਪ੍ਰੇਰਣਾ ਸਰੋਤ ਹਨ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਆਪ ਜੀ ਦੇ ਨਿਰੰਤਰ ਕੀਰਤਨ ਪ੍ਰਵਾਹ ਦੀ ਸ਼ੁਭ ਕਾਮਨਾ ਸਹਿਤ, 'ਗੁਰਮਤਿ ਸੰਗੀਤ ਚੇਅਰ ਵਿਚ ਫੈਲੋਸ਼ਿਪ' ਪ੍ਰਦਾਨ ਕਰਦਿਆ ਵਿਸ਼ੇਸ਼ ਗੌਰਵ ਮਹਿਸੂਸ ਕਰਦੀ ਹੈ।


**ਡਾ. ਗੁਰਨਾਮ ਸਿੰਘ**
ਮੁਖੀ, ਗੁਰਮਤਿ ਸੰਗੀਤ ਚੇਅਰ
ਅਤੇ ਗੁਰਮਤਿ ਸੰਗੀਤ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਸਵਰਨ ਸਿੰਘ ਬੋਪਾਰਾਏ**
ਕੀਰਤੀ ਚੱਕਰ, ਪਦਮਸ਼੍ਰੀ ਐਵਾਰਡੀ
ਵਾਈਸ ਚਾਂਸਲਰ
ਪੰਜਾਬੀ ਯੂਨੀਵਰਸਿਟੀ, ਪਟਿਆਲਾ

THE ALP GROUP


# EXPANDING CAPABILITIES

EPDM/PVC/TPE/TPR/ EXTRUDED PROFILES, MOULDED PARTS & WEATHER STRIPS




## PIONEERING ENGINEERING SOLUTIONS IN RUBBER & PLASTIC

















THE ALP GROUP


**Corporate Office:**
Plot No.: 32, Sector-18, HUDA, Gurgaon-122015 Haryana. India
Tel.: +91-124-4731500, 600 | web: www.alpgroupup.in
E-mail: alp@anbros.com